MORTGAGE EXPERT
ਮੋਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
- Residential Mortgage
- Construction Mortgage
- Commercial Loan
- Private Loan
SATNAM SAROYA
MORTGAGE SPECIALIST
HOMEKEY MORTGAGES INC.
604.760.9172
# 384-8148 128 St., Surrey
6303 Fraser St., Vancouver

ਕੈਨੇਡਾ
# ਪੰਜਾਬ ਲਿੰਕ
WEEKLY NEWSPAPER VOL. : 09 ISSUE : 16 SATURDAY, 17 APRIL, 2021
www.punjablinkpaper.com 604-503-5465

Super Visa Insurance
ਅਸੀਂ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ।
ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- RESP,RRSP's
- ਮੋਰਟਗੇਜ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੋਨ ਮੈਡੀਕਲ ਇੰਸ਼ੋਰੈਂਸ
ਜਸਵੀਰ ਗਰੇਵਾਲ
778.317.6262
jasvirgrewal0596@gmail.com

# ਵੈਰੀਐਂਟ ਮਾਮਲੇ ਵਧਣ ਕਾਰਨ ਬੀ.ਸੀ. ਸੂਬੇ ਨੇ ਐਮਰਜੈਂਸੀ ਵਿਚ 27 ਅਪ੍ਰੈਲ ਤੱਕ ਕੀਤਾ ਵਾਧਾ

ਵਿਕਟੋਰੀਆ-ਕੋਰੋਨਾਵਾਇਰਸ ਦੇ ਵੱਖ ਵੱਖ ਵੈਰੀਐਂਟਸ ਦੇ ਮਾਮਲੇ ਵਧਣ ਕਾਰਨ ਬੀ ਸੀ ਸੂਬੇ ਨੇ ਐਮਰਜੈਂਸੀ ਦੇ ਸਮੇਂ ਵਿਚ 27 ਅਪ੍ਰੈਲ 2021 ਤੱਕ ਵਾਧਾ ਕਰ ਦਿੱਤਾ ਹੈ। ਸ਼ੁੱਕਰਵਾਰ ਸੂਬੇ ਵਿਚ ਵੈਰੀਐਂਟਸ ਦੇ ਮਾਮਲੇ ਵਧ ਕੇ 1110 ਹੋ ਗਏ ਹਨ ਜਿਨ੍ਹਾਂ ਵਿਚੋਂ 545 ਨਵੇਂ ਬੀ.1.1.7 ਅਤੇ 555 ਪੀ. 1. ਦੇ ਨਵੇਂ ਮਾਮਲੇ ਹਨ। ਕੋਵਿਡ ਦੇ ਮਾਮਲੇ ਵਧਣ ਅਤੇ ਰਿਕਾਰਡ ਪੱਧਰ 'ਤੇ ਲੋਕਾਂ ਦੇ ਹਸਪਤਾਲ ਵਿਚ ਦਾਖਲ ਹੋਣ ਕਾਰਨ ਬੀ ਸੀ ਦੀ ਪ੍ਰੀਮੀਅਰ ਜੌਹਨ ਹੌਰਗਨ ਨੇ ਸੂਬਾ ਐਮਰਜੈਂਸੀ ਦੀ ਮਿਆਦ ਵਧਾ ਦਿੱਤੀ ਹੈ। ਬੀਸੀ ਵਿਚ ਕੋਵਿਡ-19 ਦੇ 873 ਨਵੇਂ ਮਾਮਲੇ ਦਰਜ ਹੋਣ ਅਤੇ ਦੋ ਹੋਰ ਮੌਤਾਂ ਹੋਣ ਪਿੱਛੋਂ ਹੌਰਗਨ ਨੇ ਸੰਕੇਤ ਦਿੱਤਾ ਕਿ ਵਾਇਰਸ ਦੇ ਫੈਲਣ ਨੂੰ ਹੌਲੀ ਕਰਨ ਲਈ ਹੋਰ ਪਾਬੰਦੀਆਂ ਲਾਗੂ ਕਰਨ ਦੀ ਲੋੜ ਪੈ ਸਕਦੀ ਹੈ। ਬ੍ਰਿਟਿਸ਼ ਕੋਲੰਬੀਆ ਵਿਚ ਮਹਾਂਮਾਰੀ ਫੈਲਣ ਤੋਂ ਲੈ ਕੇ ਹੁਣ ਤੱਕ 113702 ਵਿਅਕਤੀ ਪ੍ਰਭਾਵਤ ਹੋਏ ਹਨ ਅਤੇ 1515 ਵਿਅਕਤੀਆਂ ਦੀ ਮੌਤ ਹੋਈ ਹੈ। ਮੌਜੂਦਾ ਸਮੇਂ ਬੀਸੀ ਵਿਚ ਕੋਵਿਡ-19 ਦੇ 9756 ਮਾਮਲੇ ਹਨ ਅਤੇ 377 ਵਿਅਕਤੀਆਂ ਦਾ ਹਸਪਤਾਲਾਂ ਵਿਚ ਇਲਾਜ ਕੀਤਾ ਜਾ ਰਿਹਾ ਹੈ ਜਿਨ੍ਹਾਂ ਵਿਚੋਂ 116 ਆਈਸੀਯੂ ਵਿਚ ਹਨ। ਹੌਰਗਨ ਨੇ ਕਿਹਾ ਕਿ ਉਹ ਆਸ ਕਰਦੇ ਹਨ ਕਿ ਸੂਬਾ ਕੈਬਨਿਟ ਟਰੈਵਲ ਪਾਬੰਦੀਆਂ ਨੂੰ ਕਾਨੂੰਨੀ ਰੂਪ ਦੇਣ 'ਤੇ ਵਿਚਾਰ ਕਰੇਗਾ। ਹੌਰਗਨ ਨੇ ਕਿਹਾ ਕਿ ਇਹ ਹਰ ਇਕ ਲਈ ਮੁਸ਼ਕਿਲ ਭਰਿਆ ਸਮਾਂ ਹੈ। ਹੁਣ ਜਦੋਂ ਟੀਕਾਕਰਨ ਦਾ ਪ੍ਰੋਗਰਾਮ ਚਲ ਰਿਹਾ ਹੈ ਤਾਂ ਅਸੀਂ ਕਿਸੇ ਸਮੇਂ ਤੱਕ ਦੀ ਆਸ ਕਰ ਸਕਦੇ ਹਾਂ।



## 100 ਤੋਂ ਵੀ ਵੱਧ ਯਾਤਰੀਆਂ ਵੱਲੋਂ ਅਧਿਕਾਰਤ ਹੋਟਲ 'ਚ ਕੁਆਰਟੀਨ ਹੋਣ ਤੋਂ ਇਨਕਾਰ

ਵੈਨਕੂਵਰ-ਸਰਕਾਰ ਵਲੋਂ ਜਦੋਂ ਤੋਂ 22 ਫਰਵਰੀ ਤੋਂ ਲਾਜ਼ਮੀ ਕੁਆਰਨਟੀਨ ਰਹਿਣਾ ਲਾਗੂ ਕੀਤਾ ਹੋਇਆ ਹੈ ਉਸ ਸਮੇਂ ਤੋਂ ਵੈਨਕੂਵਰ ਦੇ ਅੰਤਰਰਾਸ਼ਟਰੀ ਹਵਾਈ ਅੱਡੇ ਵਿਖੇ ਪੁੱਜੇ 100 ਤੋਂ ਵੀ ਵੱਧ ਯਾਤਰੀਆਂ ਨੇ ਸਰਕਾਰ ਦੇ ਅਧਿਕਾਰਤ ਹੋਟਲ ਵਿਖੇ ਕੁਆਰਨਟੀਨ ਹੋਣ ਤੋਂ ਇਨਕਾਰ ਕੀਤਾ ਹੈ। ਬੀਸੀ ਸੈਂਟਰ ਫਾਰ ਡਿਸੀਜ਼ ਕੰਟਰੋਲ ਨੇ ਦੱਸਿਆ ਕਿ ਅਪ੍ਰੈਲ ਦੇ ਸ਼ੁਰੂ ਤੋਂ ਵੈਨਕੂਵਰ ਹਵਾਈ ਅੱਡੇ 'ਤੇ ਪੁੱਜੀਆਂ ਜਾਂ ਰਵਾਨਾਂ ਹੋਈਆਂ 23 ਉਡਾਨਾਂ ਵਿਚ ਕੋਵਿਡ ਨਾਲ ਬਿਮਾਰ ਵਿਅਕਤੀ ਸਵਾਰ ਸਨ। ਪਬਲਿਕ ਹੈਲਥ ਏਜੰਸੀ ਆਫ ਕੈਨੇਡਾ ਦੇ ਬੁਲਾਰੇ ਟੈਮੀ ਜਰਬਿਉ ਨੇ ਕਿਹਾ ਕਿ ਏਜੰਸੀ ਨੂੰ 106 ਟਿਕਟਾਂ ਬਾਰੇ ਪਤਾ ਹੈ ਜਿਹੜੀਆਂ ਜੀਏਏ (ਸਰਕਾਰ ਵਲੋਂ ਅਧਿਕਾਰਤ ਰਿਹਾਇਸ਼) ਤੋਂ ਬਿਨ੍ਹਾਂ ਬੀਸੀ ਪੁੱਜਣ ਵਾਲੇ ਯਾਤਰੀਆਂ ਨੂੰ ਜਾਰੀ ਕੀਤੀਆਂ ਗਈਆਂ ਸਨ ਅਤੇ 22 ਫਰਵਰੀ ਪਿੱਛੋਂ ਕੁਆਰਨਟੀਨ ਹੋਣ ਤੋਂ ਇਨਕਾਰ ਕੀਤਾ। ਜਰਬਿਊ ਨੇ ਕਿਹਾ ਕਿ ਇਨ੍ਹਾਂ ਲੋਕਾਂ ਨੂੰ 3000 ਡਾਲਰ ਜ਼ੁਰਮਾਨੇ ਦਾ ਸਾਹਮਣਾ ਕਰਨਾ ਪਵੇਗਾ। ਜੀਏਏ ਵਿਚ ਤਿੰਨ ਰਾਤਾਂ ਰਹਿਣ ਦਾ ਖਰਚ ਲਗਪਗ 2500 ਡਾਲਰ ਹੈ। ਇਸ ਗੱਲ ਦਾ ਪਤਾ ਨਹੀਂ ਲੱਗਾ ਕਿ 106 ਵਿਚੋਂ ਕਿੰਨ ਟਿਕਟਾਂ ਦਾ ਭੁਗਤਾਨ ਕਰਨਗੇ ਜਾਂ ਕਿੰਨੇ ਅਦਾਲਤ ਵਿਚ ਚੁਣੌਤੀ ਦੇ ਸਕਦੇ ਹਨ।

A.S. MATTOO
& ASSOCIATES - LAW OFFICE
*Denotes professional corporation
- ਰੀਅਲ ਅਸਟੇਟ
- ਘਰਾਂ ਦੇ ਤਬਾਦਲੇ
- ਕਮਰਸ਼ੀਅਲ ਰੀਅਲ ਅਸਟੇਟ
- ਮੋਰਟਗੇਜ਼
- ਵਸੀਅਤ ਤੇ ਜਾਇਦਾਦ
- ਵਿਰਾਸਤ ਕੇਸ
ਅਸੀਂ ਆਪਣੇ ਨਵੇਂ ਦਫਤਰ ਯੌਰਕ ਬਿਜ਼ਨੈਸ ਸੈਂਟਰ ਵਿਚ ਮੂਵ ਹੋ ਗਏ ਹਾਂ
AMRIK S. (STEVE) MATTOO
604-572-6000
#211 - 7928 128th St., Surrey (YORK BUSINESS CENTRE)
Fax: 604-572-6001 | amrik@mattoolaw.com
TIMING: MON - FRI 9:00 AM TO 5:00 PM

ਕੀ ਤੁਸੀਂ ਕਰਜ਼ੇ ਵਿਚ ਹੋ?
20 ਵਰਿਆਂ ਤੋਂ ਵੱਧ ਦਾ ਤਜਰਬਾ
ਮੁਫਤ ਸਲਾਹ
ਸ਼ਾਮ ਅਤੇ ਵੀਕਐਂਡ ਤੇ ਵੀ ਅਪੌਇੰਟਮੈਂਟ
ARVINDER S. KALSEY AVINEET S. KALSEY
- ਕੀ ਤੁਹਾਡਾ ਵਾਲ-ਵਾਲ ਕਰਜ਼ੇ ਵਿਚ ਡੁਬਿਆ ਹੋਇਆ ਹੈ?
- ਅਸੀ ਤੁਹਾਡਾ ਅੱਧੇ ਤੋਂ ਜਿਆਦਾ ਕਰਜ਼ਾ ਮੁਆਫ ਕਰਵਾ ਸਕਦੇ ਹਾਂ।
Business Solutions
& Credit counselling services
#205 - 12033 - 92A Ave, Surrey
#1A - 2497 Clearbrook Rd. Abbotsford
604-951-8984
www.bscc.ca

A- CLASS FOREIGN EXCHANGE INC.
ਤੁਸੀਂ ਇੰਡੀਆਂ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ ਨੂੰ ਟਰਾਂਸਵਰਲਡ ਟਰੈਵਲ 'ਚ ਮਿਲੋ
604-825-2222
(Inside Transworld Travel)
#119 -12888 - 80th Ave., Surrey PH: 604-598-2222
32088 Cedar Lane, Abbotsford PH: 604-615-2222

Punjab Insurance Agency Inc.
ਸੁਪਰ ਵੀਜ਼ਾ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ
- ਮੋਰਟਗੇਜ ਇੰਸ਼ੋਰੈਂਸ
- ਡਿਸੇਬੀਲੀਟੀ ਇੰਸ਼ੋਰੈਂਸ
- ਟਰੈਵਲ ਇੰਸ਼ੋਰੈਂਸ
- ਕਰਿਟੀਕਲ ਇਲਨੈਸ ਇੰਸ਼ੋਰੈਂਸ
- RRSP & RESP
RASHMI AHUJA 604-603-1313 rashmi@punjabinsurance.ca
www.punjabinsurance.ca
SANDEEP AHUJA, CHS 604-996-6862 sandeepahuja@punjabinsurance.ca

ANOOP S. BAINS
BARRISTER & SOLICITOR
Suite 214 - 6678 - 152nd St., Surrey B.C.
ਆਈ ਸੀ ਬੀ ਸੀ ਅਤੇ ਪਰਸਨਲ ਇੰਜਰੀ ਕਲੇਮ
ਅਸੀਂ ਸਿਰਫ ਆਈ.ਸੀ.ਬੀ.ਸੀ ਦੇ ਕੇਸ ਹੀ ਲੜਦੇ ਹਾਂ
Anoop Bains
604-547-3178
anoop@bainslaw.ca

MORTGAGE SPECIALIST!
Residential Construction, Commercial and Private Mortgages
- Pre - Approval available in 24 Hours
- rate hold - 120 days
- Bad credit also welcome
AMANDEEP DUGGAL
MORTGAGE BROKER
A Better Way
604-368 -2030
604-227-9694
# 102-6321 King George Blvd, Surrey

Punjab Insurance Inc
LIFE INSURANCE
ਸੀਨੀਅਰ ਨਾਗਰਿਕ ਆਪਣੀ $100000 ਦੀ ਲਾਈਫ ਇੰਸ਼ੋਰੈਂਸ ਲਈ ਕਾੱਲ ਕਰੋ
Harpreet Rana
416-871-3571
www.harpreetrana.com

PHANTOM
TIRES & REPAIRS
Wholesale Open to Public
New, Used Tires & Wheels
Grease & Oil Change
Brakes & Suspension
Tire Rotation & Tune Ups
Interior Detailing & Wash
Mobile Service Available
Special Oil Change Starts $29.99
C: 604.503.8553 | C: 778.891.2159
#109-12885 85 Ave., Surrey
Entrance on 86 Ave next to Dasmesh Darbar

ACROSS BORDER VISA INC.
THE HOUSE OF IMMIGRATION
ਅਸੀਂ ਹਰ ਤਰ੍ਹਾਂ ਦੀਆਂ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
PIER iccrc crcic ICEF AAERI
Avinash Kaur Director - RCIC 778-903-1243
Pushpinder Singh Virk Director-Overseas 604-503-6601
#206-12888 80th Ave., Surrey (York Business Center)
info@acrossbordervisa.com | www.acrossbordervisa.com

ਪ੍ਰਦੇਸੀ
Pardesi
SWEETS & RESTAURANT
Dine In - Take Out
ਤੁਸੀਂ ਸਾਡੇ ਸਟੋਰ ਤੋਂ ਹਰ ਤਰ੍ਹਾਂ ਦੀ ਮਠਿਆਈ ਲੈ ਸਕਦੇ ਹੋ
Veg & Non Veg Dishes
Samosa, Veg Pakora
Fish Pakora, Chicken Pakora
Sweets
604-591-1950 | #107 - 13588 - 88 Ave., Surrey

ਜ਼ੋਰਾਵਰ ਕੰਸਟਰਕਸ਼ਨ ਲਿਮ.
ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ। ਵਧੀਆ ਤਨਖਾਹ, ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਪੱਕੇ ਕਰਨ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਨਵੇਂ ਪੁਰਾਣੇ ਘਰਾਂ ਅਤੇ ਕਮਰਸ਼ੀਅਲ ਬਿਲਡਿੰਗਾਂ ਦੇ ਤਸੱਲੀਬਖਸ਼ ਡਰਾਈਵਾਲ ਕੰਮ ਲਈ ਸਰੀ ਦੀ ਪ੍ਰਸਿੱਧ ਜ਼ੋਰਾਵਰ ਕੰਸਟਰਕਸ਼ਨ ਕੰਪਨੀ ਦੀਆਂ ਸੇਵਾਵਾਂ ਲਉ
Lakhvir Singh Grewal: 778-881-0002


Simpson, Thomas & Associates
TRIAL LAWYERS
CELEBRATING 50 YEARS
"The name that you know and trust"
"Simpson, Thomas & Associates are a legal dream team. No other law firm could have fought this claim as it takes a lot of resources to fight a case of this nature."
– Former client commenting on the Jago wedding tragedy
B.C.'s Pioneering Law Firm for Motor Vehicle Cases
For over 50 years Simpson, Thomas & Associates (formerly Simpson & Company) have been advocates for victims seeking justice.
A+ Rated BBB ACCREDITED BUSINESS
"Many thanks to you and your team. Because of your assistance, we felt less stress and were able to focus on my father while you took care of the rest. Each time you attended our residence you left us feeling relieved."
– B.Sekhon
Our history of successfully settling ICBC claims has garnered respect from our clients, and within the legal and rehabilitation communities in B.C.
Brain Injury
Paraplegia
Quadriplegia
Spinal Cord Injury
Translation Services Available
STA has support staff fluent in Punjabi, Hindi and Gujarati.
Your Needs Come First
If mobility is a challenge, we can come to you.
Adam Ueland
LAWYER
Call Adam on 604-689-8888 to set up a complimentary consultation or visit our website at simpsonthomas.com
We have offices in Vancouver, Surrey/Delta, Abbotsford* and Burnaby.*
*By appointment only
Caring. Compassionate. Community-Focussed.

ACCOUNTANT
axioaccounting.com
Personal & Corporate Tax Filing and other related services.
ਹਰ ਤਰਾਂ ਦੇ ਫਾਰਮ ਭਰਵਾਓ
#114-8028 128 St (Little India Plaza) Surrey, BC
AXIO Accounting + Tax
LAKHJIT S. SARANG
604-613-9100

PUNJAB LINK
ਪੰਜਾਬ ਲਿੰਕ
WEEKLY NEWSPAPER VOL. : 09 ISSUE : 16 SATURDAY, 17 APRIL, 2021
www.punjablinkpaper.com 604-503-5465

Harbir Kaur Deol
Notary Public
• Statutory Declarations
• Travel Consent Letters
• Power of Attorney
• Invitation Letters
• Sales & Purchase
• Family Transfer
• Wills & Estate
• Refinancing
• Affidavits
604.503.3060
#110 - 13049 76th Ave., Surrey
BC Notaries info@deolnotary.com

# ਹਾਈਕੋਰਟ ਵਲੋਂ ਬੇਅਦਬੀ ਕਾਂਡ ਦੀ ਪੜਤਾਲ ਰਿਪੋਰਟ ਰੱਦ ਕੀਤੇ ਜਾਣ ਉਪਰੰਤ ਤਫ਼ਤੀਸ਼ੀ ਅਧਿਕਾਰੀ ਕੁੰਵਰ ਵਿਜੈ ਪ੍ਰਤਾਪ ਵੱਲੋਂ ਅਸਤੀਫ਼ਾ

## ਮੁੱਖ ਮੰਤਰੀ ਵੱਲੋਂ ਅਸਤੀਫ਼ਾ ਰੱਦ

ਚੰਡੀਗੜ੍ਹ-ਪੰਜਾਬ ਅਤੇ ਹਰਿਆਣਾ ਹਾਈਕੋਰਟ ਵਲੋਂ ਬੇਅਦਬੀ ਕਾਂਡ ਦੀ ਪੜਤਾਲੀਆ ਰਿਪੋਰਟ ਰੱਦ ਕੀਤੇ ਜਾਣ ਉਪਰੰਤ ਪੁਲੀਸ ਅਧਿਕਾਰੀ ਕੁੰਵਰ ਵਿਜੈ ਪ੍ਰਤਾਪ ਸਿੰਘ ਨੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਮਿਲੀ ਜਾਣਕਾਰੀ ਮੁਤਾਬਕ ਆਈ ਜੀ ਰੈਂਕ ਦੇ ਇਸ ਪੁਲੀਸ ਅਧਿਕਾਰੀ ਵੱਲੋਂ ਆਪਣਾ ਅਸਤੀਫਾ ਮੁੱਖ ਸਕੱਤਰ ਨੂੰ ਸੰਬੋਧਨ ਹੁੰਦਿਆਂ ਦਿੱਤਾ ਗਿਆ ਹੈ ਤੇ ਇਸ ਦੀ ਕਾਪੀ ਸੂਬੇ ਦੇ ਵਧੀਕ ਮੁੱਖ ਸਕੱਤਰ (ਗ੍ਰਹਿ) ਅਤੇ ਡੀਜੀਪੀ ਨੂੰ ਭੇਜੀ ਗਈ ਹੈ। ਪੰਜਾਬ



ਕਾਡਰ ਨਾਲ ਸਬੰਧਤ 1998 ਬੈਚ ਦਾ ਇਹ ਪੁਲੀਸ ਅਧਿਕਾਰੀ ਅਕਸਰ ਸੁਰਖੀਆਂ ਵਿੱਚ ਰਿਹਾ ਹੈ। ਕੁੰਵਰ ਵਿਜੈ ਪ੍ਰਤਾਪ ਸਿੰਘ ਵੱਲੋਂ ਦਿੱਤੇ ਅਸਤੀਫੇ ਤੋਂ ਬਾਅਦ ਪ੍ਰਸ਼ਾਸਕੀ ਤੇ ਰਾਜਸੀ ਹਲਕਿਆਂ ਅੰਦਰ ਭਾਰੀ ਹਲਚਲ ਪਾਈ ਜਾ ਰਹੀ ਹੈ। ਸੂਤਰਾਂ ਦਾ ਇਹ ਵੀ ਦੱਸਣਾ ਹੈ ਕਿ ਇਸ ਪੁਲੀਸ ਅਧਿਕਾਰੀ ਨੇ ਕੁਝ ਦਿਨ ਪਹਿਲਾਂ ਹੀ ਰਾਜ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਮੁਲਾਕਾਤ ਕੀਤੀ ਸੀ, ਜਿਸ ਦੌਰਾਨ ਬੇਅਦਬੀ ਕਾਂਡ ਦੇ

*(ਬਾਕੀ ਸਫ਼ਾ 10 'ਤੇ)*

## ਕੈਪਟਨ ਨੇ ਪੁਲਿਸ ਅਧਿਕਾਰੀ ਦੀ ਪਿੱਠ ਥਾਪੜਕੇ ਅਦਾਲਤ ਦੀ ਮਾਨਹਾਨੀ ਕੀਤੀ-ਡਾ: ਚੀਮਾ

ਰੂਪਨਗਰ-ਪੰਜਾਬ ਦੇ ਸਾਬਕਾ ਸਿੱਖਿਆ ਮੰਤਰੀ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਬੇਅਦਬੀ ਕਾਂਡ ਤੇ ਕੋਟਕਪੂਰਾ ਗੋਲੀ ਕਾਂਡ ਲਈ ਗਠਿਤ ਵਿਸ਼ੇਸ਼ ਜਾਂਚ ਟੀਮ ਦੇ ਮੁਖੀ ਆਈਜੀ ਕੁੰਵਰ ਵਿਜੈ ਪ੍ਰਤਾਪ ਸਿੰਘ ਦੀ ਪਿੱਠ ਥਾਪੜ ਕੇ ਅਦਾਲਤ ਦੀ ਮਾਣਹਾਨੀ ਕੀਤੀ ਹੈ। ਉਨ੍ਹਾਂ ਕਿਹਾ ਕਿ ਇਸ ਮੁੱਦੇ 'ਤੇ ਮੁੱਖ ਮੰਤਰੀ ਦਾ ਸਟੈਂਡ ਸਹੀ ਨਹੀਂ ਹੈ। ਉਨ੍ਹਾਂ ਆਈਜੀ ਨੂੰ ਥਾਪੜਾ ਦੇ ਕੇ ਨਿਆਂਪਾਲਿਕਾ ਦੀ ਮਰਿਆਦਾ ਨੂੰ ਠੇਸ ਪਹੁੰਚਾਈ ਹੈ।

## ਪੰਜਾਬ ਸਰਕਾਰ ਲਈ ਪਰਖ ਦੀ ਘੜੀ ਹਾਈ ਕੋਰਟ 'ਚ ਸੁਣਵਾਈ 20 ਨੂੰ

ਫ਼ਰੀਦਕੋਟ-ਕੋਟਕਪੂਰਾ ਗੋਲੀ ਕਾਂਡ ਦੀ ਪੜਤਾਲ ਰਿਪੋਰਟ ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ ਰੱਦ ਕੀਤੇ ਜਾਣ ਤੋਂ ਬਾਅਦ ਸੁਆਲਾਂ ਦੇ ਘੇਰੇ ਵਿੱਚ ਆਈ ਜਾਂਚ ਟੀਮ ਅਤੇ ਪੰਜਾਬ ਸਰਕਾਰ ਲਈ 20 ਅਪਰੈਲ ਨੂੰ ਫਿਰ ਪਰਖ ਦੀ ਘੜੀ ਹੈ। ਬਹਿਬਲ ਗੋਲੀ ਕਾਂਡ ਵਿੱਚ ਨਾਮਜ਼ਦ ਅੱਧੀ ਦਰਜਨ ਪੁਲੀਸ ਅਧਿਕਾਰੀਆਂ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ ਰਿੱਟ ਦਾਇਰ ਕਰਕੇ ਬਹਿਬਲ ਗੋਲੀ ਕਾਂਡ ਦੀ ਸਮੁੱਚੀ ਪੜਤਾਲ ਨੂੰ ਰੱਦ ਕਰਨ ਦੀ ਮੰਗ ਕੀਤੀ ਹੈ। ਜਸਟਿਸ ਅਨੀਤਾ ਸਰੀਨ 20 ਅਪਰੈਲ ਨੂੰ ਇਸ ਸਬੰਧੀ ਅੰਤਿਮ ਫੈਸਲਾ ਸੁਣਾ ਸਕਦੇ ਹਨ।

*(ਬਾਕੀ ਸਫ਼ਾ 10 'ਤੇ)*

## ਪੜਤਾਲ ਰਿਪੋਰਟ ਰੱਦ ਕੀਤੇ ਜਾਣ ਵਿਰੁੱਧ ਰੋਸ ਧਰਨਾ

ਫ਼ਰੀਦਕੋਟ-ਕੋਟਕਪੂਰਾ ਗੋਲੀਕਾਂਡ ਵਿੱਚ ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ ਵਿਸ਼ੇਸ਼ ਜਾਂਚ ਟੀਮ ਦੀ ਪੜਤਾਲ ਰਿਪੋਰਟ ਰੱਦ ਕੀਤੇ ਜਾਣ ਦੇ ਰੋਸ ਵਜੋਂ ਪੰਥਕ ਧਿਰਾਂ ਨੇ ਅੱਜ ਇੱਥੇ ਜ਼ਿਲ੍ਹਾ ਅਦਾਲਤਾਂ ਦੇ ਬਾਹਰ ਰੋਸ ਧਰਨਾ ਦਿੱਤਾ। ਧਰਨੇ ਨੂੰ ਸੰਬੋਧਨ ਕਰਦਿਆਂ ਪੰਥਕ ਆਗੂ ਜਸਕਰਨ ਸਿੰਘ ਕਾਹਨਸਿੰਘਵਾਲਾ ਅਤੇ ਗੁਰਦੀਪ ਸਿੰਘ ਬਠਿੰਡਾ ਨੇ ਕਿਹਾ ਕਿ ਸਿੱਖ ਕੌਮ ਆਪਣੇ ਗੁਰੂ ਲਈ ਇਨਸਾਫ਼ ਮੰਗ ਰਹੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਪੰਜਾਬ ਸਰਕਾਰ ਨੇ ਸਭ ਤੋਂ ਅਹਿਮ ਕੇਸ ਲੜਨ ਵਿੱਚ ਕੋਈ ਖ਼ਾਸ ਦਿਲਚਸਪੀ ਨਹੀਂ ਦਿਖਾਈ, ਜਿਸ ਸਦਕਾ ਕੋਟਕਪੂਰਾ ਗੋਲੀਕਾਂਡ ਦੇ ਮੁਲਜ਼ਮ ਸ਼ਰੇਆਮ ਬਾਹਰ ਘੁੰਮ ਰਹੇ ਹਨ।

GOLDMINE INSURANCE
A MEMBER OF ALL CANADIAN INSURANCE
Home, Business, Auto ICBC autoplan
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ
MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca

ਫਾਸਟ ਡਰਾਈਵਾਲ
Complete Drywall Services
ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ। ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000

WE NOW OFFER OVER 40 PROGRAMS
StudentAidBC
EDUCATION ASSISTANT $8000 — WAGES:$24-$28 PER HOUR
HEALTH CARE ASSISTANT $5250 — WAGES:$17-$26.50 PER HOUR
PHARMACY ASSISTANT $5500 — WAGES:$19.61-$27.30 PER HOUR
CERTIFIED DENTAL ASSISTANT $14,000 — WAGES:$26-$30 PER HOUR
ONLINE CLASSES AVAILABLE FOR ALL PROGRAMS
WESTERN COMMUNITY COLLEGE
INSTALLMENT-BASED, LOW TUITION FEE
100% PRACTICUM PLACEMENT
FREE CLB PREPARATION* *SOME CONDITIONS APPLY
FULL/PART TIME & EVENING CLASSES AVAILABLE
FINANCIAL AID AVAILABLE : BC STUDENT LOAN & WCC FINANCING
www.westerncommunitycollege.ca
info@westerncommunitycollege.ca
604.594.3500
Surrey Unit 201-8318 120 St.
Abbotsford Unit 201-3670 Townline Rd.
South Surrey Unit 204-15850 24 Ave

Canadian Surrey Veggie pizza
100% ਵੈਜ਼ੀ ਅਦਰਕ ਧਨੀਏ ਵਾਲਾ ਕਰਾਰਾ ਪੀਜ਼ਾ
THINK VEGGIE
Surrey Punjabi Style Pizza
ਅਸੀਂ 2 ਕਿਲੋਮੀਟਰ ਦੇ ਅੰਦਰ ਡਿਲਵਰੀ ਵੀ ਕਰਦੇ ਹਾਂ
Time: 11am to 11pm
604-593-1110
#106 - 8077 King George Blvd, Surrey

HARVEER ACCOUNTING SERVICES
ਅਸੀਂ ਹਰ ਤਰ੍ਹਾਂ ਦੀਆਂ ਟੈਕਸ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
ਅਸੀਂ ਟੈਕਸ ਭਰਨ ਦੇ $30 ਲੈਂਦੇ ਹਾਂ
Baljinder K. Sandhu
778-847-2800
6522 - 141B St., Surrey
harveerservices@gmail.com

So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਂਉਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੁਇਟ ਹਾਲ ਦੇ ਪਿਛਲੇ ਪਾਸੇ)
• ਕਾਰ • ਟਰੱਕ
• ਆਟੋਮੈਟਿਕ ਟਰੱਕ
• ਮੋਟਰਸਾਇਕਲ
• ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ

NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
• Property Purchase Sales/Mortgage
• Power of Attorney
• Wills • Affidavits
• Visitation Letters
• Statutory Declarations
BC Notaries
Payal Business Centre 80 ਐਵਨਿਊ ਵਾਲੇ ਪਾਸੇ
www.ghainotary.ca
#151-12899 80th Ave, Surrey
Email: aanchal@ghainotary.ca

# ਬੀ.ਸੀ. ਦੇ ਫਰੰਟ ਲਾਈਨ ਵਰਕਰਾਂ ਲਈ ਮੁੜ ਸ਼ੁਰੂ ਹੋਣਾ ਚਾਹੀਦਾ ਟੀਕਾਕਰਣ ਪ੍ਰੋਗਰਾਮ-ਐਸਟਰਾਜ਼ੇਨਕਾ ਟੀਕੇ ਨੂੰ ਪ੍ਰਵਾਨਗੀ

ਵਿਕਟੋਰੀਆ-ਹੈਲਥ ਕੈਨੇਡਾ ਦੇ ਇਸ ਮੁਲਾਂਕਣ ਕਿ ਐਸਟਰਾਜ਼ੇਨਕਾ ਟੀਕਾ ਨਾਲ ਕੁਝ ਲੋਕਾਂ ਦੇ ਅੰਦਰ ਖ਼ੂਨ ਦੇ ਥੱਕੇ ਬਣਨ ਦੇ ਖ਼ਤਰਿਆਂ ਨਾਲੋਂ ਲਾਭ ਜ਼ਿਆਦਾ ਹਨ ਪਿੱਛੋਂ ਬ੍ਰਿਟਿਸ਼ ਕੋਲੰਬੀਆਂ ਵਿਚ ਸਾਰੀ ਉਮਰ ਦੇ ਲੋਕਾਂ ਲਈ ਕੋਵਿਡ-19 ਦਾ ਐਸਟਰਾਜ਼ੇਨਕਾ ਟੀਕਾ ਛੇਤੀ ਹੀ ਵਰਤੋਂ ਲਈ ਵਾਪਸ ਆ ਸਕਦਾ ਹੈ। ਬੀਸੀ ਦੇ ਸੂਬਾ ਸਿਹਤ ਅਫ਼ਸਰ ਨੇ ਕਿਹਾ ਕਿ ਅਸੀਂ ਹੈਲਥ ਕੈਨੇਡਾ ਦੇ ਐਸਟਰਾਜ਼ੇਨਕਾ ਬਾਰੇ ਮੁਲਾਂਕਣ ਤੇ ਫ਼ੈਸਲੇ ਨੂੰ ਦੇਖ ਕੇ ਖ਼ੁਸ਼ ਹਾਂ। ਉਨ੍ਹਾਂ ਦੱਸਿਆ ਕਿ ਬੀਤੀ ਦਿਨ 1168 ਕੋਵਿਡ ਮਾਮਲੇ ਦਰਜ ਕੀਤੇ ਗਏ ਹਨ ਅਤੇ 6 ਮੌਤਾਂ ਹੋਈਆਂ ਹਨ ਅਤੇ ਰਿਕਾਰਡ 397 ਵਿਅਕਤੀ ਹਸਪਤਾਲਾਂ ਵਿਚ ਦਾਖਲ ਹਨ। ਅਸੀਂ ਇਹ ਨਿਰਧਾਰਤ ਕਰਨ ਲਈ ਟੀਕਾਕਰਣ ਬਾਰੇ ਨੈਸ਼ਨਲ ਐਡਵਾਈਜ਼ਰੀ ਕੌਂਸਿਲ ਦੀਆਂ ਸਿਫਾਰਸ਼ਾਂ ਦੀ ਉਡੀਕ ਕਰ ਰਹੇ ਹਾਂ ਕਿ ਆਪਣੀ ਸੁਰੱਖਿਆ ਵਧਾਉਣ ਲਈ ਇਸ ਟੀਕੇ ਨੂੰ ਕਿਵੇਂ ਬਿਹਤਰ ਤਰੀਕੇ ਨਾਲ ਵਰਤਿਆ ਜਾ ਸਕਦਾ ਹੈ। 29 ਮਾਰਚ ਨੂੰ ਟੀਕਾਕਰਣ ਬਾਰੇ ਸਲਾਹਕਾਰ ਕੌਂਸਲ ਨੇ ਕਿਹਾ ਕਿ ਟੀਕਾ ਲੈਣ ਪਿੱਛੋਂ 55 ਸਾਲ ਤੋਂ ਘੱਟ ਉਮਰ ਦੇ ਲੋਕਾਂ ਦੇ ਖ਼ੂਨ ਵਿਚ ਥੱਕੇ ਬਣਨ ਪਿੱਛੋਂ ਕਿਹਾ ਸੀ ਕਿ ਐਸਟਰਾਜ਼ੇਨਕਾ ਦੀ 55 ਸਾਲ ਤੋਂ ਘੱਟ ਉਮਰ ਦੇ ਲੋਕਾਂ ਲਈ ਵਰਤੋਂ ਨਹੀਂ ਕੀਤੀ ਜਾਣੀ ਚਾਹੀਦੀ। ਕੈਨੇਡਾ ਵਿਚ ਖ਼ੂਨ ਵਿਚ ਥੱਕੇ ਬਣਨ ਵਾਲਾ ਇਕ ਮਾਮਲਾ ਇਸ ਟੀਕੇ ਨਾਲ ਜੁੜਿਆ ਹੋਇਆ ਹੈ ਅਤੇ ਮਾਮਲੇ ਵਿਚ ਸ਼ਾਮਿਲ ਔਰਤ ਦਾ ਬਚਾਅ ਰਿਹਾ ਹੈ। ਇਸ ਦਾ ਮਤਲਬ ਬੀਸੀ ਨੂੰ ਹੁਣ ਫਰੰਟ ਲਾਈਨ ਦੇ ਵਰਕਰਾਂ ਨੂੰ ਐਸਟਰਾਜ਼ੇਨਕਾ ਟੀਕਾ ਪ੍ਰੋਗਰਾਮ ਦੀ ਪੇਸ਼ਕਸ਼ ਨਾਲ ਵਾਪਸ ਆਉਣਾ ਪਿਆ ਹੈ ਜਿਨ੍ਹਾਂ ਵਿਚੋਂ ਕਈ 55 ਸਾਲ ਤੋਂ ਘੱਟ ਉਮਰ ਦੇ ਹਨ। ਬੁੱਧਵਾਰ ਹੈਲਥ ਕੈਨੇਡਾ ਦੀ ਬੁਲਾਰਨ ਡਾ. ਸੁਪਰੀਆ ਸ਼ਰਮਾ ਨੇ ਕਿਹਾ ਕਿ ਬਾਲਗ ਉਮਰ ਦੇ ਕਿਸੇ ਵੀ ਗਰੁੱਪ ਜਾਂ ਸੈਕਸ ਲਈ ਟੀਕੇ ਦੀ ਵਰਤੋਂ ਦੀ ਸੀਮਾ ਨਹੀਂ ਹੋਣੀ ਚਾਹੀਦੀ ਪਰ ਥੱਕਾ ਬਣਨ ਦੇ ਖ਼ਤਰੇ ਦੀ ਸਲਾਹ ਵਾਲਾ ਚਿਤਾਵਨੀ ਲੇਬਲ ਜੋੜਿਆ ਜਾਵੇਗਾ। ਟੀਕਾਕਰਣ ਬਾਰੇ ਨੈਸ਼ਨਲ ਐਡਵਾਈਜ਼ਰੀ ਕਮੇਟੀ ਨੂੰ ਫ਼ੈਸਲਾ ਕਰਨਾ ਪਵੇਗਾ ਕਿ ਹੈਲਥ ਕੈਨੇਡਾ ਦੇ ਬਿਆਨ ਦਾ ਸਮਰਥਨ ਕਰਨਾ ਹੈ ਜਾਂ ਨਹੀਂ ਕਿਉਂਕਿ ਇਹ ਕੈਨੇਡਾ ਵਿਚ ਟੀਕਾ ਦੀ ਵਰਤੋਂ ਨੂੰ ਕੰਟਰੋਲ ਕਰਦਾ ਹੈ।






# ਅਮਰੀਕਾ ਨੇ ਜੌਹਨਸਨ ਐਂਡ ਜੌਹਨਸਨ ਟੀਕੇ ਦੀ ਵਰਤੋਂ ਰੋਕੀ

ਵਾਸ਼ਿੰਗਟਨ-ਅਮਰੀਕੀ ਫੈਡਰਲ ਹੈਲਥ ਏਜੰਸੀਆਂ ਨੇ 6 ਵਿਅਕਤੀਆਂ ਦੇ ਟੀਕਾ ਲਗਵਾਉਣ ਕਾਰਨ ਖ਼ੂਨ ਦੇ ਥੱਕੇ ਬਣਨ ਪਿੱਛੋਂ ਜੌਹਨਸਨ ਐਂਡ ਜੌਹਨਸਨ ਦੇ ਕੋਵਿਡ-19 ਲਈ ਟੀਕੇ ਦੀ ਵਰਤੋਂ ਰੋਕਣ ਦੀ ਸਿਫਾਰਸ਼ ਕੀਤੀ ਹੈ। ਅਮਰੀਕੀ ਸੈਂਟਰਸ ਫਾਰ ਡਿਸੀਜ ਕੰਟਰੋਲ ਐਂਡ ਪ੍ਰੀਵੈਂਸ਼ਨ ਮਾਮਲਿਆਂ ਦੀ ਸਮੀਖਿਆ ਲਈ ਐਡਵਾਈਜ਼ਰੀ ਮੀਟਿੰਗ ਕਰੇਗਾ। ਟੀਕਾ ਲਗਵਾਉਣ ਵਾਲੇ ਸਾਰੇ 6 ਜਣੇ 18 ਤੋਂ 48 ਸਾਲ ਦੀਆਂ ਔਰਤਾਂ ਹਨ। ਨਿਊਯਾਰਕ ਟਾਈਮਜ਼ ਨੇ ਰਿਪੋਰਟ ਵਿਚ ਦੱਸਿਆ ਕਿ ਇਕ ਔਰਤ ਦੀ ਮੌਤ ਹੋ ਗਈ ਹੈ ਅਤੇ ਦੂਸਰੀ ਨੇਬਰਾਸਕਾ ਵਿਚ ਗੰਭੀਰ ਹਾਲਤ ਵਿਚ ਹਸਪਤਾਲ 'ਚ ਦਾਖਲ ਹੈ। 12 ਅਪ੍ਰੈਲ ਤਕ ਅਮਰੀਕਾ ਵਿਚ ਜੌਹਨਸਨ ਐਂਡ ਜੌਹਨਸਨ ਦੀਆਂ 6.8 ਮਿਲੀਅਨ ਖ਼ੁਰਾਕਾਂ ਦਿੱਤੀਆਂ ਗਈਆਂ ਹਨ। ਕੈਨੇਡਾ ਨੇ ਮਾਰਚ ਦੇ ਸ਼ੁਰੂ ਵਿਚ ਹੀ ਜੌਹਨਸਨ ਐਂਡ ਜੌਹਨਸਨ ਦੀਆਂ 10 ਮਿਲੀਅਨ ਖ਼ੁਰਾਕਾਂ ਦਾ ਆਰਡਰ ਦਿੱਤਾ ਹੋਇਆ ਹੈ 28 ਮਿਲੀਅਨ ਹੋਰ ਖ਼ੁਰਾਕਾਂ ਲਈ ਵਿਕਲਪ ਰੱਖਿਆ ਹੋਇਆ ਹੈ ਪਰ ਇਹ ਡਲਿਵਰੀ ਅਪ੍ਰੈਲ ਦੇ ਅਖੀਰ ਤਕ ਹੋਣ ਦੀ ਆਸ ਨਹੀਂ।









# ਫੈਡਰਲ ਸਰਕਾਰ ਵੱਲੋਂ ਏਅਰ ਕੈਨੇਡਾ ਲਈ ਅਰਬਾਂ ਡਾਲਰ ਦਾ ਰਾਹਤ ਪੈਕੇਜ

ਓਟਵਾ-ਕੋਵਿਡ-19 ਮਹਾਂਮਾਰੀ ਕਾਰਨ ਉਡਾਨਾਂ ਲਗਪਗ ਬੰਦ ਹੋਣ ਨਾਲ ਸੰਘਰਸ਼ ਕਰ ਰਹੀ ਏਅਰ ਕੈਨੇਡਾ ਨੇ ਫੈਡਰਲ ਸਰਕਾਰ ਨਾਲ ਲੰਬੇ ਸਮੇਂ ਤੋਂ ਉਡੀਕੇ ਜਾ ਰਹੇ ਰਾਹਤ ਪੈਕੇਜ ਲਈ ਸਮਝੌਤਾ ਕੀਤਾ ਹੈ ਜਿਸ ਤਹਿਤ ਏਅਰਲਾਈਨ ਦੀ 5.9 ਅਰਬ ਡਾਲਰ ਫੰਡਾਂ ਤਕ ਪਹੁੰਚ ਹੋਵੇਗੀ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਲਿਬਰਲ ਸਰਕਾਰ ਦੀ ਕੱਛੂਆ ਚਾਲ ਕਾਰਨ ਏਅਰਲਾਈਨ ਇੰਡਸਟਰੀ ਵਲੋਂ ਤਿੱਖੀ ਆਲੋਚਨਾ ਕੀਤੇ ਜਾਣ ਪਿੱਛੋਂ ਸਭ ਤੋਂ ਵੱਡੇ ਵਿਅਕਤੀਗਤ ਕੋਰੋਨਾਵਾਇਰਸ ਨਾਲ ਸਬੰਧਤ ਕਰਜ਼ੇ ਲਈ ਸਮਝੌਤੇ ਦਾ ਐਲਾਨ ਕੀਤਾ ਗਿਆ ਹੈ। ਅਮਰੀਕਾ ਅਤੇ ਫਰਾਂਸ ਨੇ ਵੱਡੀਆਂ ਏਅਰਲਾਈਨ ਕੰਪਨੀਆਂ ਦੀ ਮਦਦ ਲਈ ਕਾਫੀ ਤੇਜ਼ੀ ਨਾਲ ਕੰਮ ਕੀਤਾ ਹੈ। ਕੈਨੇਡਾ ਦੀ ਸਭ ਤੋਂ ਵੱਡੀ ਕੰਪਨੀ ਜਿਸ ਨੇ ਪਿਛਲੇ ਸਾਲ ਆਪਣੇ ਮੁਲਾਜ਼ਮਾਂ ਦੀ ਗਿਣਤੀ ਘਟਾ ਦਿੱਤੀ ਜਾਂ 20,000 ਨੌਕਰੀਆਂ ਨੂੰ ਖਤਮ ਕੀਤਾ ਗਿਆ ਸੀ ਅਤੇ ਦੂਸਰੀਆਂ ਏਅਰਲਾਈਨਸ ਸਰਕਾਰ ਨਾਲ ਕੋਰੋਨਾਵਾਇਰਸ ਸਹਾਇਤਾ ਪੈਕੇਜ ਲਈ ਕਈ ਮਹੀਨਿਆਂ ਤੋਂ ਗੱਲਬਾਤ ਕਰ ਰਹੀਆਂ ਹਨ। ਫਰਵਰੀ ਵਿਚ ਏਅਰ ਕੈਨੇਡਾ ਨੇ 2019 ਵਿਚ 1.48 ਅਰਬ ਡਾਲਰ ਮੁਨਾਫੇ ਦੇ ਮੁਕਾਬਲੇ 2020 ਵਿਚ 4.65 ਅਰਬ ਡਾਲਰ ਦੇ ਨੁਕਸਾਨ ਦੀ ਜਾਣਕਾਰੀ ਦਿੱਤੀ ਸੀ।




## ਸਰਕਾਰ ਨਾਲ ਸਮਝੌਤਾ ਹੋਣ ਪਿੱਛੋਂ ਏਅਰ ਕੈਨੇਡਾ ਟਿਕਟ ਰਿਫੰਡ ਕਰੇਗਾ

ਓਟਵਾ-ਏਅਰ ਕੈਨੇਡਾ ਵਲੋਂ ਸਰਕਾਰ ਨਾਲ 5.9 ਅਰਬ ਡਾਲਰ ਦੀ ਫੈਡਰਲ ਸਹਾਇਤਾ ਦਾ ਸਮਝੌਤਾ ਕਰਨ ਪਿੱਛੋਂ ਕੈਨੇਡੀਅਨ ਏਅਰਲਾਈਨ ਦੇ ਟਿਕਟ ਰਿਫੰਡ ਯੋਜਨਾਵਾਂ ਦੇ ਵੇਰਵਿਆਂ ਦੀ ਉਡੀਕ ਕਰ ਰਹੇ ਹਨ। ਪੈਕੇਜ ਦੇ ਹਿੱਸੇ ਵਜੋਂ ਏਅਰ ਕੈਨੇਡਾ ਉਨ੍ਹਾਂ ਯਾਤਰੀਆਂ ਦੇ ਪੈਸੇ ਵਾਪਸ ਕਰਨ ਲਈ ਸਹਿਮਤ ਹੋ ਗਈ ਜਿਨ੍ਹਾਂ ਦੀਆਂ ਉਡਾਨਾਂ ਕੋਵਿਡ-19 ਮਹਾਂਮਾਰੀ ਕਾਰਨ ਰੱਦ ਹੋ ਗਈਆਂ ਸਨ। ਸਰਕਾਰੀ ਕਰਜ਼ੇ ਦੇ 1.4 ਅਰਬ ਡਾਲਰ ਉਨ੍ਹਾਂ ਹਜ਼ਾਰਾਂ ਗਾਹਕਾਂ ਦੀ ਮਦਦ ਲਈ ਰੱਖੇ ਗਏ ਹਨ ਜਿਨ੍ਹਾਂ ਨੇ 2020 ਦੇ ਅਖੀਰ ਵਿਚ ਟਿਕਟਾਂ ਲਈ ਪੈਸੇ ਦਿੱਤੇ ਪਰ ਮੁਸ਼ਕਿਲ ਵਿਚ ਘਿਰੇ ਰਹੇ।

ਸਮਝੌਤੇ ਤਹਿਤ ਏਅਰ ਕੈਨੇਡਾ ਸ਼ੇਅਰ ਨੂੰ ਵਾਪਸ ਖਰੀਦਣ ਅਤੇ ਲਾਭਅੰਸ਼ 'ਤੇ ਪਾਬੰਦੀ ਲਾਉਣ ਅਤੇ ਸੀਨੀਅਰ ਐਗਜ਼ੀਕਿਊਟਰਸ ਲਈ ਸਾਲਾਨਾ ਮੁਆਵਜ਼ਾ ਪ੍ਰਤੀ ਸਾਲ ਇਕ ਮਿਲੀਅਨ ਡਾਲਰ ਤਕ ਸੀਮਤ ਰੱਖਣ ਅਤੇ ਨੌਕਰੀਆਂ ਜਿਹੜੀਆਂ 14859 ਹਨ ਨੂੰ ਮੌਜੂਦਾ ਪੱਧਰ 'ਤੇ ਰੱਖਣ ਲਈ ਸਹਿਮਤ ਹੋ ਗਿਆ ਹੈ।

## ਜੈਗੂਅਰ ਵਿਚੋਂ ਬਰਾਮਦ ਨਕਦੀ ਨੂੰ ਬੀਸੀ ਸਰਕਾਰ ਕਰਨਾ ਚਾਹੁੰਦੀ ਹੈ ਜ਼ਬਤ

ਵਿਕਟੋਰੀਆ-ਜਦੋਂ ਵੈਨਕੂਵਰ ਪੁਲਿਸ ਦੇ ਅਫਸਰਾਂ ਨੇ ਪਿਛਲੇ ਸਾਲ ਨੰਵਬਰ ਵਿਚ ਕਿਰਾਏ 'ਤੇ ਲਈ ਜਗੂਅਰ ਕਾਰ ਨੂੰ ਰੋਕਿਆ ਤਾਂ ਉਨ੍ਹਾਂ ਨੂੰ 20 ਹਜ਼ਾਰ ਡਾਲਰ ਤੋਂ ਵੀ ਵੱਧ ਨਕਦੀ ਨਾਲ ਭਰਿਆ ਚਿੱਟੇ ਰੰਗ ਦਾ ਕੂੜੇ ਵਾਲਾ ਥੈਲਾ ਮਿਲਿਆ। ਗੱਡੀ ਨੂੰ ਓਨਟਾਰੀਓ ਦਾ ਵਿਅਕਤੀ ਕੇਵਨ ਹੈਨਰੀ ਚਲਾ ਰਿਹਾ ਸੀ ਜਿਹੜਾ ਟੋਰਾਂਟੋ ਦੇ ਰੈਪਰ ਪਰੇਸਾ ਦਾ ਮੈਨੇਜਰ ਹੈ ਜਿਹੜਾ ਬੀਸੀ ਵਿਚ ਕਈ ਬਰਦਰਸ ਕੀਪਰਸ ਗੈਂਗ ਮੈਂਬਰਾਂ ਨਾਲ ਨੇੜਲਾ ਸਬੰਧ ਹੈ। ਜਗੂਅਰ ਨੂੰ 70 ਮਿੰਟ ਪਹਿਲਾਂ ਪਰੇਸਾ ਦੇ ਡੈਡ ਨੇ ਕਿਰਾਏ 'ਤੇ ਲਿਆ ਸੀ ਜਿਸ ਨੂੰ ਮਾਰਕ ਗਾਰਡਨਰ ਦੇ ਕਤਲ ਵਿਚ ਸਜ਼ਾ ਹੋਈ ਸੀ ਅਤੇ ਉਹ ਉਸ ਸਮੇਂ ਪੈਰੋਲ 'ਤੇ ਆਇਆ ਹੋਇਆ ਸੀ। ਜਦੋਂ 28 ਨਵੰਬਰ ਸ਼ਾਮ 8 ਵਜੇ ਵੈਸਟ ਪੈਂਡਰ ਦੇ 300 ਬਲਾਕ ਵਿਚ ਕਾਰ ਰੋਕੀ ਗਈ ਤਾਂ ਹੈਨਰੀ ਤੇ ਤਿੰਨ ਹੋਰਨਾਂ ਦੇ ਨਾਲ ਜਗੂਅਰ ਵਿਚ ਮੌਜੂਦ ਨਹੀਂ ਸੀ। ਪਰ ਗਾਰਡਰਨ ਦੀ ਪੈਰੋਲ ਇਸ ਘਟਨਾ ਪਿੱਛੋਂ ਕਈ ਮਹੀਨਿਆਂ ਲਈ ਰੱਦ ਕਰ ਦਿੱਤੀ ਗਈ। ਬੀਸੀ ਡਾਇਰੈਕਟਰ ਆਫ ਸਿਵਲ ਫੋਰਫੀਚਰ ਨੇ ਹੈਨਰੀ ਤੇ ਗਾਰਡਨਰ ਖਿਲਾਫ ਕੇਸ ਦਾਇਰ ਕਰਕੇ ਕਿਹਾ ਕਿ ਸਰਕਾਰ ਦੀ ਏਜੰਸੀ ਨੂੰ ਡਰੱਗ ਦੀ ਸ਼ੱਕੀ ਕਮਾਈ ਵਜੋਂ ਕੋਲ ਰੱਖਣ ਦੀ ਇਜਾਜ਼ਤ ਹੋਣੀ ਚਾਹੀਦੀ ਹੈ। ਹੈਨਰੀ 'ਤੇ ਇਸ ਮਾਮਲੇ ਵਿਚ ਦੋਸ਼ ਨਹੀਂ ਲਾਇਆ ਗਿਆ।

# ਐਨ.ਡੀ.ਪੀ. ਵਲੋਂ 2021 ਦੇ ਬਜਟ 'ਚ ਹੈਲਥ ਕੇਅਰ ਵਿਚ ਜ਼ਿਆਦਾ ਖਰਚ ਦਾ ਵਾਅਦਾ



ਵਿਕਟੋਰੀਆ-ਜੌਹਨ ਹੌਰਗਨ ਸਰਕਾਰ ਨੇ 2021 ਦੇ ਬਜਟ ਵਿਚ ਹੈਲਥ ਕੇਅਰ ਅਤੇ ਕਾਰੋਬਾਰ ਸਹਾਇਤਾ ਲਈ ਜ਼ਿਆਦਾ ਖਰਚ ਕਰਨ ਦਾ ਵਾਅਦਾ ਕੀਤਾ ਹੈ। ਬੀਸੀ ਲੈਜਿਸਲੇਚਰ ਦਾ ਸਪਰਿੰਗ ਇਜਲਾਸ ਸ਼ੁਰੂ ਕਰਨ ਲਈ ਥਰੋਨ ਤੋਂ ਆਪਣੇ ਭਾਸ਼ਣ ਵਿਚ ਪ੍ਰੀਮੀਅਰ ਹੌਰਗਨ ਨੇ ਵਾਅਦਾ ਕੀਤਾ ਕਿ ਬੁਨਿਆਦੀ ਢਾਂਚੇ 'ਤੇ ਰਿਕਾਰਡ ਖਰਚ ਕੀਤਾ ਜਾਵੇਗਾ, ਹੈਲਥ ਕੇਅਰ ਲਈ ਹਜ਼ਾਰਾਂ ਵਰਕਰਾਂ ਨੂੰ ਹਾਇਰ ਕੀਤਾ ਜਾਵੇਗਾ ਅਤੇ ਕੋਵਿਡ-19 ਮਹਾਂਮਾਰੀ ਕਾਰਨ ਲੀਹ 'ਤੇ ਆ ਰਹੇ ਕਾਰੋਬਾਰਾਂ ਦੀ ਮਦਦ ਕੀਤੀ ਜਾਵੇਗੀ। ਮਹਾਂਮਾਰੀ ਨਾਲ ਸਬੰਧਿਤ ਖਰਚ ਦੇ ਅਗਲੇ ਦੌਰ ਦੇ ਵੇਰਵੇ ਐਨਡੀਪੀ ਸਰਕਾਰ ਦੇ 20 ਅਪ੍ਰੈਲ ਨੂੰ ਪੇਸ਼ ਕੀਤੇ ਜਾਣ ਵਾਲੇ ਬਜਟ ਵਿਚ ਦੱਸੇ ਜਾਣਗੇ। ਮਾਰਚ ਵਿਚ ਐਨਡੀਪੀ ਸਰਕਾਰ ਦਾ ਲਗਪਗ 13 ਅਰਬ ਡਾਲਰ ਦੇ ਘਾਟੇ ਨਾਲ ਖਤਮ ਹੋਏ ਵਿੱਤੀ ਸਾਲ ਪਿੱਛੋਂ ਸੂਬੇ ਦੇ ਕਰਜ਼ੇ ਵਿਚ ਅਰਬਾਂ ਡਾਲਰ ਹੋਰ ਜੁੜਨਗੇ। 12 ਅਪ੍ਰੈਲ ਨੂੰ ਆਪਣੇ ਭਾਸ਼ਨ ਵਿਚ ਲੈਫਟੀਨੈਂਟ ਗਵਰਨਰ ਜੈਨਟ ਆਸਟਨ ਨੇ ਲੈਜਿਸਲੇਚਰ ਨੂੰ ਦੱਸਿਆ ਕਿ ਜਦੋਂ ਮਹਾਂਮਾਰੀ ਖਤਮ ਹੋਵੇਗੀ ਤਾਂ ਸਰਕਾਰ ਧਿਆਨ ਨਾਲ ਸੰਤੁਲਤ ਬਜਟ ਲੈ ਕੇ ਆਵੇਗੀ। ਭਾਸ਼ਣ ਵਿਚ ਹੌਰਗਨ ਨੇ ਪੈਥਵੇ ਟੂ ਹੋਪ ਪ੍ਰੋਗਰਾਮ ਰਾਹੀਂ ਮਾਨਸਿਕ ਸਿਹਤ ਲਈ ਖਰਚਾ ਵਧਾਉਣ ਦਾ ਵੀ ਵਾਅਦਾ ਕੀਤਾ ਗਿਆ ਹੈ। ਇਸ ਦਾ ਐਲਾਨ ਹੌਰਗਨ ਨੇ 2019 ਵਿਚ ਕੀਤਾ ਸੀ।

ਸ. ਮੈਹਿੰਗਾ ਸਿੰਘ ਸਰਾਫ਼ ਮੁੱਲਾਂਪੁਰ ਵਾਲੇ

S & S Jewellers Ltd.

Authorized Dealer
20% OFF SEIKO, PULSAR ALL Watches
(3 Yrs Limited Warranty)

Specializing in:
22 Kt & 24 Kt
- Ready Made & Custom Made
- Jewellery, Repairs - Lucky Birth Stones
- Appraisals

Diamond Ring 50% Off

Surjit S. Kanda * Avtar S. Kanda
604.582.5849
9269 - 120 St. Delta BC V4C 6R8

Homeowner • Fleet • Business • Auto • Travel • Boats • Life • Critical • Cargo • Commercial

7 Days a Week! 9 am to 9pm

HOUSE INSURANCE

| House | Contents | Liability | Premium |
|---|---|---|---|
| $450,000 | $315,000 | 1 Million | $302 /YEAR |
| $550,000 | $385,000 | 1 Million | $346 /YEAR |
| $650,000 | $455,000 | 1 Million | $407 /YEAR |
| $750,000 | $525,000 | 1 Million | $467 /YEAR |

Discounts may vary due to individual circumstances and policy requirements. Rates subject to change without notice.

Above Rates Includes: * Senior Discount * Claims Free Discount * New Home Discount * Mortgage Free Discount * Home Production Discount * Deductible Applicable * Monthly Payment Plan

ਸਾਡੇ ਦਫ਼ਤਰ ਹਫ਼ਤੇ ਦੇ ਸੱਤੇ ਦਿਨ ਸਵੇਰੇ 9 ਵਜੇ ਤੋਂ ਸ਼ਾਮ 9 ਵਜੇ ਤੱਕ ਖੁੱਲ੍ਹਦੇ ਹਨ।




ਅਸੀਂ ਟਰੱਕਾਂ ਅਤੇ ਟਰੇਲਰਾਂ ਲਈ ਫਾਇਨੈਂਸਿੰਗ ਵੀ ਕਰਦੇ ਹਾਂ

ICBC ਅਸੀਂ ਹਰ ਤਰ੍ਹਾਂ ਦੀ ਇੰਸ਼ੋਰੈਂਸ ਵਾਜਿਬ ਕੀਮਤ 'ਤੇ ਕਰਦੇ ਹਾਂ।



JASWINDER S. PARMAR
604-351-6539

AMC INSURANCE SERVICES LTD.

| SURREY (HEAD OFFICE) | CLOVERDALE | LANGLEY | COQUITLAM | COQUITLAM | VANCOUVER | ABBOTSFORD | NORTH VANCOUVER |
|---|---|---|---|---|---|---|---|
| Ph: 604.507.6666 | Ph: 604.576.6648 | Ph: 604.882.6000 | Ph: 604.939.2425 | Ph: 604-942-3555 | Ph: 604-876-0126 | Ph: 604.744.0360 | Ph: 604-985-3185 |
| #120, 12888 - 80th Ave. | 134 -17455, Hwy 10 | 160-20728 Willoughby Town Center Dr | #404, 552 Clarke Rd | 405-1192 Lansdowne Dr | 4075 Combie Street | 31696 South Fraserway | 140 East 14th Street, North Vancouver |

Call us to Save minimum 10% or more on your Insurance

80th Ave. 130th St 128th St AMC Insurance AirCare

ਅਸੀਂ ਸੁਪਰਵੀਜ਼ਾ ਲਈ ਮੈਡੀਕਲ ਇੰਸ਼ੋਰੈਂਸ ਵੀ ਕਰਦੇ ਹਾਂ।
ਜੇਕਰ ਵੀਜ਼ਾ ਨਾ ਮਿਲੇ ਤਾਂ ਪੈਸੇ ਵਾਪਸ ਕੀਤੇ ਜਾਂਦੇ ਹਨ।
www.amcinsurance.ca • jparmar@amcinsurance.ca



ਸਪੈਸ਼ਲ ਸੇਲ!
www.dream-carpets.com
dream carpets
Shaw FLOORS
Ansonylon
STAINMASTER CARPET
ClearTouch
from $1.98 SF
Berber Installed
Textured Saxony Installed
from $2.28 SF
Laminate Floor
8.3mm thick
25 years warranty
Click Do It Yourself
German technology
.99 cent
Commercial Carpet
Starts From .78 cent
Berber
Starts From .78 cent
Area Rug (5x8)
Starts From $68
ਘੱਟ ਕੀਮਤਾਂ ਦੀ ਗਰੰਟੀ ਕਰਦੇ ਹਾਂ
Where The Builders Buy!
NEW HOME SPECIALISTS
NOBODY KNOWS FLOORING LIKE DREAM CARPETS
SERVING WESTERN CANADA FOR OVER 38 YEARS
VANCOUVER
815 Terminal Ave.
604-687-5888
Monday to Saturday
9:00-5:30
Sunday 11:00-5:00
Ashok
SURREY / DELTA
8385 - 120th Street
604-572-8788
Monday to Saturday
9:00-5:30
Sunday Closed
Perry
RICHMOND
12180 Bridgeport Rd.
604-273-7888
Monday to Saturday
9:00-5:30
Sunday 11:00-5:00
Butch

# ਅਰਪਨ ਲਿਖਾਰੀ ਸਭਾ ਕੈਲਗਰੀ ਵੱਲੋਂ ਜੱਲ੍ਹਿਆਂ ਵਾਲਾ ਬਾਗ਼ ਦੇ ਸ਼ਹੀਦਾਂ ਨੂੰ ਸਰਧਾਂਜਲੀ

ਸਰੀ (ਹਰਦਮ ਮਾਨ)-ਅਰਪਨ ਲਿਖਾਰੀ ਸਭਾ ਕੈਲਗਰੀ ਦੀ ਮਾਸਿਕ ਜ਼ੂਮ ਮੀਟਿੰਗ ਵਿਚ ਪਿਛਲੇ ਦਿਨੀਂ ਵਿਛੜੀਆਂ ਸਾਹਿਤ, ਪੱਤਰਕਾਰੀ ਅਤੇ ਸੰਗੀਤ ਦੇ ਖੇਤਰ ਦੀਆਂ ਸ਼ਖ਼ਸ਼ੀਅਤਾਂ ਡਾ. ਤਾਰਨ ਗੁਜਰਾਲ, ਦਰਸ਼ਨ ਧੀਰ, ਕੁਲਵੰਤ ਗਰੇਵਾਲ, ਪ੍ਰਿੰਸੀਪਲ ਪ੍ਰਿਤਪਾਲ ਸਿੰਘ, ਪ੍ਰੋ. ਇੰਦਰਜੀਤ ਸਿੰਘ, ਸਤੀਸ਼ ਕੌਲ, ਗੁਰਮੁਖ ਸਿੰਘ ਸਹਿਗਲ, ਤਰਸੇਮ ਬਾਹੀਆ, ਹਰਵਿੰਦਰ ਰਿਆੜ, ਦਿਲਜਾਨ, ਲਹਿੰਦੇ ਪੰਜਾਬ ਦੇ ਹਰਮਨ ਪਿਆਰੇ ਗਾਇਕ ਸ਼ੌਕਤ ਅਲੀ ਅਤੇ ਸਾਹਿਤਕਾਰ ਦਿਲ ਮੁਹੰਮਦ ਨੂੰ ਭਾਵ-ਭਿੰਨੀ ਸ਼ਰਧਾਂਜਲੀ ਦਿੱਤੀ ਗਈ। ਸਤਨਾਮ ਸਿੰਘ ਢਾਅ ਦੇ ਸਵਾਗਤੀ ਸ਼ਬਦਾਂ ਨਾਲ ਸ਼ੁਰੂ ਹੋਈ। ਸ੍ਰੀ ਢਾਅ ਨੇ ਜੱਲ੍ਹਿਆਂ ਵਾਲਾ ਬਾਗ਼ ਦੇ ਸ਼ਹੀਦਾਂ ਨੂੰ ਯਾਦ ਕਰਦਿਆਂ ਵਿਸਾਖੀ ਅਤੇ ਖ਼ਾਲਸਾ ਪੰਥ ਦੀ ਸਾਜਣਾ ਦੇ ਮਾਨਵੀ ਸੰਕਲਪ ਬਾਰੇ ਸਾਰਥਕ ਵਿਚਾਰ ਰੱਖੇ। ਜਗਦੇਵ ਸਿੱਧੂ ਨੇ ਜੱਲ੍ਹਿਆਂ ਵਾਲੇ ਬਾਗ਼ ਦੇ ਸਾਕੇ ਦੇ ਸ਼ਹੀਦਾਂ ਨੂੰ ਸ਼ਰਧਾ ਸੁਮਨ ਪੇਸ਼ ਕਰਦਿਆਂ ਇਸ ਦੇ ਪ੍ਰੇਰਨਾਦਾਇਕ ਪੱਖ ਨੂੰ ਸਾਹਮਣੇ ਲਿਆਂਦਾ-'ਖ਼ੂਨ ਲੋਕਾਂ ਦਾ ਹੈ ਇਹ ਪਾਣੀ ਨਹੀਂ, ਏਸ ਦੀ ਸੁਰਖੀ ਕਦੇ ਜਾਣੀ ਨਹੀਂ' (ਡਾ. ਜਗਤਾਰ )। ਮਲਕੀਤ ਸਿੰਘ ਸਿੱਧੂ ਨੇ ਕਿਸਾਨੀ ਅੰਦੋਲਨ ਦੇ ਕਿਰਦਾਰ ਜੱਗੀ ਬਾਬੇ ਬਾਰੇ ਕਵਿਤਾ ਸੁਣਾਈ। ਜਰਨੈਲ ਸਿੰਘ ਤੱਗੜ ਨੇ ਵੈਕਸੀਨ ਦੇ ਪ੍ਰਭਾਵਾਂ ਦਾ ਅਨੁਭਵ ਸਾਂਝਾ ਕਰ ਕੇ ਕਿਸਾਨ ਅੰਦੋਲਨ ਨਾਲ ਸਬੰਧਤ ਕਵਿਤਾ ਪੇਸ਼ ਕੀਤੀ। ਸੁਰੀਲੀ ਆਵਾਜ਼ ਵਾਲੇ ਗਾਇਕ ਸੁਖਵਿੰਦਰ ਤੂਰ ਨੇ ਜਗਰੂਪ ਸਿੰਘ ਔਲਖ ਦੀ ਲਿਖੀ, ਜੱਲ੍ਹਿਆਂ ਵਾਲੇ ਬਾਗ਼ ਦੀ ਗਾਥਾ ਗਾ ਕੇ ਭਾਵੁਕ ਕਰ ਦਿੱਤਾ। ਅਜਾਇਬ ਸਿੰਘ ਸੇਖੋਂ ਨੇ ਗੁਰਬਾਣੀ ਦਾ ਸਹਾਰਾ ਲੈ ਕੇ ਖ਼ਾਲਸਾ ਪੰਥ ਸਾਜਨਾ ਦੇ ਪੰਜ ਪਿਆਰਿਆਂ ਦੇ ਸੰਕਲਪ ਨੂੰ ਰੂਪਮਾਨ ਕੀਤਾ। ਸੁਰਿੰਦਰ ਢਿੱਲੋਂ ਦੇ ਗੀਤ ਨੇ ਮਾਹੌਲ ਨੂੰ ਹੋਰ ਵੀ ਖ਼ੁਸ਼ਗਵਾਰ ਕਰ ਦਿੱਤਾ। ਇਕਬਾਲ ਖ਼ਾਨ ਨੇ ਵਿਸ਼ਵੀਕਰਨ ਦੇ ਮਾੜੇ ਪ੍ਰਭਾਵਾਂ ਤੋਂ ਸੁਚੇਤ ਕਰਦੀ ਕਵਿਤਾ-ਜਾਗੋ ਲੋਕੋ ਜਾਗੋ- ਸੁਣਾਈ। ਜੋਗਾ ਸਿੰਘ ਸਹੋਤਾ ਨੇ ਗੀਤ ਗਾ ਕੇ ਫ਼ਨ ਦਾ ਮੁਜ਼ਾਹਰਾ ਕੀਤਾ। ਇਨ੍ਹਾਂ ਤੋਂ ਇਲਾਵਾ ਤੇਜਾ ਸਿੰਘ ਥਿਆੜਾ ਅਤੇ ਪੈਰੀ ਮਾਹਲ ਨੇ ਵੀ ਵਿਚਾਰ ਚਰਚਾ ਵਿਚ ਹਿੱਸਾ ਲਿਆ। ਸਭਾ ਵੱਲੋਂ 6 ਅਪ੍ਰੈਲ, 2018 ਨੂੰ ਹਮਬੋਲਟ, ਸਸਕੈਚਵਨ, ਵਿਖੇ ਹੋਏ ਮੰਦਭਾਗੇ ਹਾਦਸੇ ਵਿੱਚ ਮਾਰੇ ਗਏ ਹਾਕੀ ਖਿਡਾਰੀਆਂ ਦੇ ਕੇਸ ਵਿੱਚ ਸਜ਼ਾ ਭੁਗਤ ਰਹੇ ਟਰੱਕ ਡਰਾਈਵਰ ਜਸਕੀਰਤ ਸਿੰਘ ਸਿੱਧੂ ਨੂੰ ਡੀਪੋਰਟੇਸ਼ਨ ਤੋਂ ਬਚਾਉਣ ਲਈ ਸਰਕਾਰ ਨੂੰ ਰਹਿਮ ਦੀ ਪਟੀਸ਼ਨ ਭੇਜਣ ਬਾਰੇ ਮਤਾ ਪਾਸ ਕੀਤਾ ਗਿਆ। ਅੰਤ ਵਿੱਚ ਸਤਨਾਮ ਸਿੰਘ ਢਾਅ ਨੇ ਹਾਜ਼ਰੀਨ ਦਾ ਧੰਨਵਾਦ ਕੀਤਾ।

## ਬੀ.ਸੀ. ਇਨਕੁਆਰੀ ਵਿਖੇ ਸਾਬਕਾ ਸੀਨੀਅਰ ਪੁਲਿਸ ਅਧਿਕਾਰੀ ਦੀ ਖਿਚਾਈ

ਵਿਕਟੋਰੀਆ-ਕੈਸੀਨੋਸ, ਗੇਮਿੰਗ ਐਗਜ਼ੀਕਿਊਟਿਵ ਅਤੇ ਹੋਰਨਾਂ ਦੀ ਪ੍ਰਤੀਨਿਧਤਾ ਕਰ ਰਹੇ ਵਕੀਲਾਂ ਦੀ ਪੁੱਛਗਿੱਛ ਹੇਠ ਆਏ ਸਾਬਕਾ ਸੀਨੀਅਰ ਪੁਲਿਸ ਅਧਿਕਾਰੀ ਨੂੰ ਡਰਟੀ ਮਨੀ ਬਾਰੇ ਆਪਣੀਆਂ ਰਿਪੋਰਟਾਂ ਜਿਹੜੀਆਂ ਉਸ ਨੇ ਸੂਬਾ ਸਰਕਾਰ ਲਈ ਲਿਖੀਆਂ ਸਨ ਵਿਚ ਆਪਣੇ ਵਿਚਾਰਾਂ ਦਾ ਬਚਾਅ ਕਰਨ ਲਈ ਮਜ਼ਬੂਰ ਹੋਣਾ ਪਿਆ ਹੈ। ਜਦੋਂ ਉਸ ਦੇ ਪ੍ਰਮਾਣ ਪੱਤਰਾਂ 'ਤੇ ਸਵਾਲ ਕੀਤਾ ਗਿਆ ਤਾਂ ਉਸ ਨੇ ਕਿਹਾ ਕਿ ਉਹ ਕੋਈ ਪੇਸ਼ੇਵਰ ਕੈਸੀਨੋ ਨਹੀਂ ਅਤੇ ਉਹ ਪਹਿਲਾਂ ਹੀ ਸਵੀਕਾਰ ਕਰ ਰਿਹਾ ਹੈ ਕਿ ਇਹ ਸਭ ਕੁਝ ਮੇਰੇ ਲਈ ਨਵਾਂ ਸੀ। ਉਸ ਨੇ ਬਹੁਤ ਸਾਰੀ ਖੋਜ ਕੀਤੀ। ਕੈਸੀਨੋ ਦੇ ਪ੍ਰਬੰਧ ਬਾਰੇ ਸਾਹਿਤ ਦਾ ਭੰਡਾਰ ਹੈ। ਉਸ ਨੇ ਬੀਸੀ ਦੀ ਸਥਿਤੀ ਦੇਖੀ ਹੈ। ਉਸ ਨੇ ਓਨਟਾਰੀਓ ਦੇਖਿਆ ਅਤੇ ਉਸ ਨੇ ਨਵਾਦਾ ਦੇਖਿਆ। ਉਹ ਦੋ ਗੱਲਾਂ ਕਰ ਰਿਹਾ ਹੈ। ਉਹ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਿਹਾ ਹੈ ਕਿ ਬੀਸੀ ਵਿਚ ਕੀ ਵਾਪਰਿਆ ਅਤੇ ਇਹ ਪਤਾ ਲਾਉਣ ਦੀ ਕੋਸ਼ਿਸ਼ ਕਰ ਰਿਹਾ ਹੈ ਕਿ ਅਸੀਂ ਵੱਖਰਾ ਕੀ ਕਰ ਸਕਦੇ ਹਾਂ। ਇਹ ਵੱਸ ਸਧਾਰਨ ਜਿਹੀ ਗੱਲ ਹੈ।

## ਬੀ.ਸੀ.ਐਨ.ਡੀ.ਪੀ. ਮੰਤਰੀਆਂ ਵਲੋਂ ਕਾਰੋਬਾਰਾਂ ਦੀ ਸਹਾਇਤਾ ਲਈ ਲਗਾਏ ਤਾਜ਼ਾ ਟੈਕਸ ਦਾ ਬਚਾਅ

ਵਿਕਟੋਰੀਆ-ਬੀ ਸੀ ਦੇ ਪ੍ਰੀਮੀਅਰ ਜੌਹਨ ਹੌਰਗਨ ਦਾ ਉਨ੍ਹਾਂ ਦੀ ਸਰਕਾਰ ਵਲੋਂ ਅਪਾਰਟਮੈਂਟਾਂ 'ਤੇ ਕਿਆਸ ਨਾਲ ਟੈਕਸ ਲਾਉਣ ਜਿਹੜੇ ਅਜੇ ਬਣਾਏ ਹੀ ਨਹੀਂ ਗਏ ਅਤੇ ਇਨਡੋਰ ਖਾਣਾ ਪਰੋਸਣ 'ਤੇ ਕੋਵਿਡ-19 ਪਾਬੰਦੀਆਂ ਕਾਰਨ ਅਚਨਚੇਤ ਮੁੜ ਪ੍ਰਭਾਵਤ ਹੋਏ ਕਾਰੋਬਾਰਾਂ ਦੀ ਸਹਾਇਤਾ ਲਈ ਤਾਜ਼ਾ ਗਰਾਂਟ ਪ੍ਰੋਗਰਾਮ ਕਾਰਨ ਬਸੰਤ ਦਾ ਲੈਜਿਸਲੇਚਰ ਇਜਲਾਸ ਆਲੋਚਨਾ ਨਾਲ ਸ਼ੁਰੂ ਹੋਇਆ ਹੈ। ਵਿਰੋਧੀ ਧਿਰ ਦੇ ਐਮਐਲਏਜ਼ ਦਾ ਅਜੇ ਤਕ ਉਸਾਰੇ ਨਾ ਗਏ ਅਪਾਰਟਮੈਂਟਾਂ 'ਤੇ 6.500 ਡਾਲਰ ਨਵਾਂ ਕਿਆਸ ਟੈਕਸ ਲਾਉਣ ਨੂੰ ਲੈ ਕੇ ਐਨਡੀਪੀ ਸਰਕਾਰ ਨਾਲ ਟਕਰਾਅ ਹੋਇਆ।

## ਸਿਟੀ ਹਾਲ 'ਚ ਸਿਰਫ ਅਪੁਆਇੰਟਮੈਂਟ ਨਾਲ ਜਾਣ ਦੀ ਇਜਾਜ਼ਤ

ਵੈਨਕੂਵਰ-ਸਿਟੀ ਆਫ ਵਾਈਟ ਰੌਕ ਲੋਕਾਂ ਨੂੰ ਯਾਦ ਕਰਵਾ ਰਿਹਾ ਹੈ ਕਿ ਸਿਟੀ ਹਾਲ ਖੁੱਲ੍ਹਾ ਹੈ ਪਰ ਉਥੇ ਸਿਰਫ ਅਪੁਆਇੰਟਮੈਂਟ ਨਾਲ ਹੀ ਜਾਇਆ ਜਾ ਸਕਦਾ ਹੈ। ਮੰਗਲਵਾਰ ਦੁਪਹਿਰ ਬਾਅਦ ਜਾਰੀ ਇਕ ਰਿਲੀਜ਼ ਵਿਚ ਸਿਟੀ ਨੇ ਕਿਹਾ ਕਿ ਜ਼ਰੂਰੀ ਸੇਵਾਵਾਂ ਜਾਰੀ ਹਨ, ਹਾਲਾਂਕਿ ਕਈ ਸੇਵਾਵਾਂ ਦੀ ਕੇਵਲ ਆਨਲਾਈਨ ਪੇਸ਼ਕਸ਼ ਕੀਤੀ ਗਈ ਹੈ ਕਿਉਂਕਿ ਕੋਵਿਡ-19 ਮਹਾਂਮਾਰੀ ਫੈਲੀ ਹੋਈ ਹੈ। ਆਨਲਾਈਨ ਸੇਵਾਵਾਂ ਵਿਚ ਡੌਗ ਅਤੇ ਬਿਜਨਸ ਲਾਇਸੰਸ ਅਰਜ਼ੀਆਂ ਤੇ ਪੇਮੈਂਟਾਂ, ਪਾਰਕਿੰਗ ਪਰਮਿਟਸ ਅਤੇ ਡੀਕਾਲਸ, ਬੈਗਸ ਤੇ ਬਿੰਨਜ਼ ਦੀ ਰੀਸਾਈਕਲਿੰਗ ਸਬੰਧੀ ਸਵਾਲ ਅਤੇ ਬਾਈਲਾਅ ਟਿਕਟ ਪੇਮੈਂਟਸ ਸ਼ਾਮਿਲ ਹਨ। ਪਿਛਲੇ ਬਸੰਤ ਮੌਸਮ ਵਿਚ ਵਾਈਟ ਰੌਕ ਸਿਟੀ ਹਾਲ ਵਿਚ ਆਉਣਾ ਬੰਦ ਕਰ ਦਿੱਤਾ ਗਿਆ ਸੀ।

## ਗਰਭਵਤੀ ਔਰਤ 'ਤੇ ਬਿਨਾਂ ਕਾਰਨ ਹਮਲਾ ਕਰਨ ਵਾਲਾ ਗ੍ਰਿਫ਼ਤਾਰ

ਸਰੀ-ਇਕ ਗਰਭਵਤੀ ਔਰਤ 'ਤੇ ਬਿਨ੍ਹਾਂ ਕਿਸੇ ਕਾਰਨ ਹਮਲਾ ਕਰਨ ਵਾਲੇ ਵਿਅਕਤੀ ਨੂੰ ਸਰੀ ਪੁਲਿਸ ਨੇ ਗ੍ਰਿਫ਼ਤਾਰ ਕੀਤਾ ਹੈ। 49 ਸਾਲਾ ਰੋਗਰ ਈਵੈਨਸਟੋਨ ਨੂੰ 10 ਅਪ੍ਰੈਲ ਨੂੰ ਲੈਂਗਲੀ ਵਿਚ ਗ੍ਰਿਫ਼ਤਾਰ ਕੀਤਾ ਗਿਆ ਸੀ। ਈਵੈਨਸਟੋਨ ਦਾ ਕੋਈ ਪੱਕਾ ਠਿਕਾਣਾ ਨਹੀਂ। ਉਸ 'ਤੇ ਹਮਲਾ ਕਰਨ ਦਾ ਇਕ ਦੋਸ਼ ਲਾਇਆ ਗਿਆ ਹੈ ਅਤੇ ਉਸ ਨੂੰ ਹਿਰਾਸਤ ਵਿਚ ਰੱਖਿਆ ਹੋਇਆ ਹੈ.। 31 ਮਾਰਚ ਨੂੰ ਪੁਲਿਸ ਨੇ ਲੋਕਾਂ ਨੂੰ ਉਸ ਵਿਅਕਤੀ ਦੀ ਪਛਾਣ ਕਰਨ ਲਈ ਸਹਾਇਤਾ ਦੀ ਅਪੀਲ ਕੀਤੀ ਸੀ ਜਿਸ ਨੇ 23 ਮਾਰਚ ਨੂੰ 102ਵੇਂ ਐਵੀਨਿਊ ਅਤੇ ਕਿੰਗ ਜੌਰਜ ਬਾਉਲਵਾਰਡ ਵਿਖੇ ਬੈਂਕ ਦੇ ਬਾਹਰ ਗਰਭਵਤੀ ਔਰਤ ਨੂੰ ਜ਼ਮੀਨ 'ਤੇ ਘਸੀਟਿਆ ਸੀ। ਔਰਤ ਨੂੰ ਮਾਮੂਲੀ ਜ਼ਖ਼ਮਾਂ ਕਾਰਨ ਹਸਪਤਾਲ ਲਿਜਾਇਆ ਗਿਆ ਸੀ।





DAY AND NIGHT LABOUR LTD.

ਗਰੀਨ ਹਾਊਸ ਅਤੇ ਨਰਸਰੀ ਵਰਕਰਾਂ ਦੀ ਲੋੜ



- ਸਾਨੂੰ ਗਰੀਨ ਹਾਊਸ ਵਰਕਰਾਂ ਅਤੇ ਮਸ਼ਰੂਮ ਪੈਕਿੰਗ ਲਈ ਵਰਕਰਾਂ ਦੀ ਜ਼ਰੂਰਤ ਹੈ।
- ਮੈਰੂਆਨਾ ਪੈਕਿੰਗ ਲਈ ਵਰਕਰਾਂ ਦੀ ਵੀ ਤੁਰੰਤ ਲੋੜ ਹੈ।
- ਵਧੀਆ ਤਨਖਾਹ ਦਿੱਤੀ ਜਾਵੇਗੀ।
- ਸਰੀ, ਡੈਲਟਾ ਤੋਂ ਲਿਜਾਣ ਅਤੇ ਛੱਡਣ ਲਈ ਫਰੀ ਰਾਈਡ ਦਾ ਪ੍ਰਬੰਧ।
- ਸਿਰਫ ਪੀ.ਆਰ. ਜਾਂ ਵਰਕ ਪਰਮਿਟ ਵਾਲੇ ਹੀ ਸੰਪਰਕ ਕਰਨ।

ਸੰਪਰਕ- ਸੰਨੀ ਸੰਧਰ 604-727-2421

# ਮਰਿਆਦਾ ਪੁਰਸ਼ੋਤਮ ਭਗਵਾਨ ਸ਼੍ਰੀ ਰਾਮ

ਸ਼੍ਰੀ ਰਾਮ ਚਰਿੱਤਮਾਨਸ 'ਚ ਭਗਵਤੀ ਪਾਰਵਤੀ ਨੇ ਭਗਵਾਨ ਸ਼੍ਰੀ ਰਾਮ ਦੇ ਅਵਤਾਰ ਦੇ ਕਾਰਨ ਦੇ ਸੰਬੰਧ 'ਚ ਭਗਵਾਨ ਸ਼ੰਕਰ ਤੋਂ ਪੁੱਛਦੇ ਹੋਏ ਆਖਿਆ—ਜੋ ਚਿਨਮਯ ਬ੍ਰਹਮ ਸਰਵਵਿਆਪਕ, ਅਵਿਨਾਸ਼ੀ ਅਤੇ ਘਟ-ਘਟ ਵਾਸੀ ਹੈ, ਉਸਨੂੰ ਨਰ-ਸਰੀਰ ਧਾਰਨ ਕਰਨ ਦੀ ਕੀ ਲੋੜ ਪਈ? ਇਸ ਜਿਗਿਆਸਾ ਨੂੰ ਮਿਟਾਉਂਦਿਆਂ ਭਗਵਾਨ ਸ਼ੰਕਰ ਨੇ ਕਿਹਾ ਕਿ ਭਗਵਾਨ ਸ਼੍ਰੀ ਰਾਮ ਦੇ ਅਵਤਾਰ ਗ੍ਰਹਿਣ ਦਾ ਇਕੋ-ਇਕ ਇਹੀ ਕਾਰਨ ਹੈ, ਇਹ ਨਹੀਂ ਕਿਹਾ ਜਾ ਸਕਦਾ। ਫਿਰ ਵੀ ਸੰਤਾਂ ਅਤੇ ਵੇਦ-ਪੁਰਾਣਾਂ ਨੇ ਭਗਵਾਨ ਦੇ ਅਵਤਾਰ ਬਾਰੇ ਜਿਹੋ-ਜਿਹਾ ਸੋਚਿਆ ਹੈ, ਉਹ ਮੈਂ ਤੁਹਾਡੇ ਸਾਹਮਣੇ ਰੱਖਾਂਗਾ। ਜਦੋਂ-ਜਦੋਂ ਧਰਮ ਦੀ ਮਰਿਆਦਾ ਢਹਿ-ਢੇਰੀ ਹੁੰਦੀ ਹੈ, ਅਧਰਮ ਅਤੇ ਹੰਕਾਰ ਦਾ ਵਾਧਾ ਹੁੰਦਾ ਹੈ, ਗਊ, ਬ੍ਰਾਹਮਣ, ਦੇਵਤਾ ਅਤੇ ਧਰਤੀ ਉੱਤੇ ਜ਼ੁਲਮ ਵਧਦਾ ਹੈ, ਉਦੋਂ-ਉਦੋਂ ਕਈ ਤਰ੍ਹਾਂ ਦੇ ਸਰੀਰ ਧਾਰਨ ਕਰਕੇ ਪ੍ਰਮਾਤਮਾ ਅਸੁਰਾਂ (ਦੈਂਤਾਂ) ਦਾ ਸੰਘਾਰ ਕਰਦੇ ਹਨ ਅਤੇ ਧਰਮ ਨੂੰ ਮੁੜ ਸਥਾਪਤ ਕਰਦੇ ਹਨ। ਭਗਵਾਨ ਸ਼ੰਕਰ ਫਿਰ ਕਹਿੰਦੇ ਹਨ—ਇਨ੍ਹਾਂ ਸਾਧਾਰਨ ਕਾਰਨਾਂ ਦੇ ਇਲਾਵਾ ਭਗਵਾਨ ਸ਼੍ਰੀ ਰਾਮ ਦੇ ਅਵਤਾਰ ਦੇ ਪਰਮ ਵਿਚਿੱਤਰ ਅਨੇਕ ਕਾਰਨ ਹਨ, ਜਿਨ੍ਹਾਂ 'ਚੋਂ ਕੁਝ ਦਾ ਵਰਣਨ ਮੈਂ ਕਰਾਂਗਾ—

ਪਹਿਲਾ ਕਾਰਨ—ਬੈਕੁੰਠ 'ਚ ਭਗਵਾਨ ਵਿਸ਼ਨੂੰ ਦੇ ਜੈ ਅਤੇ ਵਿਜੈ—ਦੋ ਦਵਾਰਪਾਲ ਰਹਿੰਦੇ ਹਨ। ਇਕ ਵਾਰ ਉਨ੍ਹਾਂ ਦੇ ਮਨ ਅੰਦਰ ਅਜਿਹਾ ਵਿਚਾਰ ਆਇਆ ਕਿ ਸਾਰੇ ਵਿਸ਼ਨੂੰ ਦੀ ਹੀ ਪੂਜਾ-ਆਰਤੀ ਕਰਦੇ ਹਨ, ਸਾਡੀ ਕੋਈ ਕਰਦਾ ਹੀ ਨਹੀਂ। ਅੱਜ ਜੋ ਪਹਿਲਾਂ ਸਾਡੀ ਪੂਜਾ-ਆਰਤੀ ਕਰੇਗਾ, ਉਸਨੂੰ ਹੀ ਅੰਦਰ ਜਾਣ ਦਿਆਂਗੇ। ਉਸ ਦਿਨ ਇਤਫਾਕ ਨਾਲ ਸਨਕਾਦਿਕ ਆ ਗਏ। ਜੈ-ਵਿਜੈ ਨੇ ਉਨ੍ਹਾਂ ਨੂੰ ਅੰਦਰ ਜਾਣੋਂ ਰੋਕ ਦਿੱਤਾ ਤਾਂ ਉਨ੍ਹਾਂ ਨੇ ਸਰਾਪ ਦੇ ਦਿੱਤਾ, ਤੁਸੀਂ ਦੋਵੇਂ ਨਿਸ਼ਾਚਰ (ਰਾਖਸ਼ਸ) ਹੋ ਜਾਓਗੇ। ਸਿੱਟੇ ਵਜੋਂ ਹਿਰਣਯਕਸ਼ਿਪ ਅਤੇ ਹਿਰਣਯਾਕਸ਼ ਨਾਂ ਦੇ ਦੈਂਤ ਹੋਏ। ਉਨ੍ਹਾਂ ਨੂੰ ਮੁਕਤ ਕਰਨ ਲਈ ਭਗਵਾਨ ਨੂੰ ਅਵਤਾਰ ਲੈਣਾ ਪਿਆ। ਤਿੰਨ ਜਨਮ ਤਕ ਜੈ ਅਤੇ ਵਿਜੈ ਨਿਸ਼ਾਚਰ ਬਣੇ ਅਤੇ ਅਵਤਾਰ ਲੈ ਕੇ ਭਗਵਾਨ ਨੇ ਉਨ੍ਹਾਂ ਨੂੰ ਮੁਕਤ ਕੀਤਾ।

ਦੂਜਾ ਕਾਰਨ—ਜਲੰਧਰ (ਰਾਖਸ਼ਸ) ਲਈ ਭਗਵਾਨ ਨੂੰ ਅਵਤਾਰ ਲੈਣਾ ਪਿਆ। ਜਲੰਧਰ ਦੀ ਪਤਨੀ ਵਰਿੰਦਾ ਪਰਮਸਤੀ ਸੀ। ਉਸਦੇ ਸਤੀਤਵ ਦੇ ਪ੍ਰਤਾਪ ਕਰਕੇ ਜਲੰਧਰ ਨੂੰ ਕੋਈ ਨਹੀਂ ਸੀ ਮਾਰ ਸਕਦਾ। ਭਗਵਾਨ ਸ਼ੰਕਰ ਵੀ ਉਸਨੂੰ ਨਹੀਂ ਮਾਰ ਸਕੇ। ਫਿਰ ਭਗਵਾਨ ਵਿਸ਼ਨੂੰ ਨੇ ਜਲੰਧਰ ਦਾ ਸਰੀਰ ਧਾਰਨ ਕਰਕੇ ਵਰਿੰਦਾ ਦਾ ਸ਼ੀਲਹਰਣ ਕੀਤਾ ਅਤੇ ਜਲੰਧਰ ਨੂੰ ਮਾਰਿਆ। ਜਲੰਧਰ ਰਾਵਣ ਬਣਿਆ, ਜਿਸਨੂੰ ਮਾਰਨ ਲਈ ਸ਼੍ਰੀ ਰਾਮ ਨੂੰ ਅਵਤਾਰ ਲੈਣਾ ਪਿਆ।

ਤੀਜਾ ਕਾਰਨ—ਇਕ ਵਾਰ ਨਾਰਦ ਮੁਨੀ ਦੇ ਸਰਾਪ ਕਰਕੇ ਭਗਵਾਨ ਨੂੰ ਨਰ-ਸਰੀਰ ਗ੍ਰਹਿਣ ਕਰਨਾ ਪਿਆ। ਜਦੋਂ ਭਗਵਾਨ ਸ਼ੰਕਰ ਨੇ ਨਾਰਦ ਮੁਨੀ ਦੁਆਰਾ ਭਗਵਾਨ ਨੂੰ ਸਰਾਪ ਦੇਣ ਦੀ ਗੱਲ ਆਖੀ ਤਾਂ ਭਗਵਤੀ ਪਾਰਵਤੀ ਹੈਰਾਨ ਰਹਿ



ਗਈ। ਉਨ੍ਹਾਂ ਨੇ ਕਿਹਾ ਕਿ ਨਾਰਦਜੀ ਭਗਵਾਨ ਦੇ ਪਰਮਭਗਤ ਅਤੇ ਗਿਆਨੀ ਹਨ। ਇਸ ਲਈ ਉਨ੍ਹਾਂ ਵੱਲੋਂ ਸਰਾਪ ਦਿੱਤਾ ਜਾਣਾ ਅਸੰਭਵ ਲੱਗਦਾ ਹੈ। ਇਸ ਪ੍ਰਸੰਗ 'ਚ ਭਗਵਾਨ ਸ਼ੰਕਰ ਨੇ ਇਕ ਅਟੱਲ ਸਿਧਾਂਤ ਪੇਸ਼ ਕੀਤਾ। ਉਹ ਕਹਿਣ ਲੱਗੇ—ਸੰਸਾਰ ਵਿਚ ਨਾ ਕੋਈ ਗਿਆਨੀ ਹੈ, ਨਾ ਮੂਰਖ। ਇਹ ਤਾਂ ਭਗਵਾਨ ਦੀ ਲੀਲਾ ਹੈ, ਜਦੋਂ ਜਿਸ ਨੂੰ ਚਾਹੁਣ, ਗਿਆਨੀ ਬਣਾ ਦੇਣ ਜਾਂ ਗਿਆਨੀ ਨੂੰ ਮੂਰਖ ਬਣਾ ਦੇਣ। ਫਿਰ ਵਿਸਤਾਰ ਨਾਲ ਭਗਵਾਨ ਸ਼ੰਕਰ ਨੇ 'ਨਾਰਦ ਮੋਹ' ਦੀ ਕਥਾ ਭਗਵਤੀ ਪਾਰਵਤੀ ਨੂੰ ਸੁਣਾਈ।

ਚੌਥਾ ਕਾਰਨ—ਮਨੁ-ਸ਼ਤਰੂਪ ਨੂੰ ਦਰਸ਼ਨ ਦੇਣ ਲਈ ਭਗਵਾਨ ਨੇ ਨਰ-ਸਰੀਰ ਗ੍ਰਹਿਣ ਕੀਤਾ। ਮਾਨਵੀ ਸ੍ਰਿਸ਼ਟੀ ਦੇ ਆਦਿ-ਪਿਤਾ ਮਨੁ ਨੇ ਹਜ਼ਾਰਾਂ ਵਰ੍ਹੇ ਤਕ ਰਾਜ ਕੀਤਾ ਪਰ ਉਨ੍ਹਾਂ ਦੇ ਮਨ 'ਚ ਅਜੇ ਸੰਸਾਰ ਪ੍ਰਤੀ ਵੈਰਾਗ ਪੈਦਾ ਨਹੀਂ ਹੋਇਆ। ਆਪਣੇ ਭੋਗੀ ਜੀਵਨ ਨਾਲ ਉਨ੍ਹਾਂ ਨੂੰ ਨਫਰਤ ਹੋਈ। ਇਸ ਲਈ ਇਕ ਦਿਨ ਵੱਡੇ ਪੁੱਤਰ ਨੂੰ ਰਾਜ ਦੇ ਕੇ ਵਣ 'ਚ ਤਪੱਸਿਆ ਕਰਨ ਚੱਲ ਪਏ। ਮਹਾਰਾਣੀ ਸ਼ਤਰੂਪ ਵੀ ਉਨ੍ਹਾਂ ਦੇ ਨਾਲ ਨੈਮਿਸ਼ਾਰਣਯ ਪਹੁੰਚੀ। ਮਨੁ-ਸ਼ਤਰੂਪ ਨੇ ਕਠੋਰ ਤਪੱਸਿਆ ਕੀਤੀ। ਉਨ੍ਹਾਂ ਦੀ ਤਪੱਸਿਆ ਤੋਂ ਪ੍ਰਸੰਨ ਹੋ ਕੇ ਵਿਧੀ, ਹਰਿ, ਹਰ ਅਨੇਕਵਾਰ ਮਨੁ ਨੂੰ ਵਰਦਾਨ ਦੇਣ ਆਏ ਪਰ ਮਨੁ ਨੇ ਅੱਖਾਂ ਨਹੀਂ ਖੋਲ੍ਹੀਆਂ। ਅੰਤ ਵਿਚ ਜਦੋਂ ਭਗਵਾਨ ਸ਼੍ਰੀ ਰਾਮ ਉਨ੍ਹਾਂ ਦੇ ਸਾਹਮਣੇ ਪ੍ਰਗਟ ਹੋਏ ਤਾਂ ਮਨੁ ਨੇ ਵਰਦਾਨ ਮੰਗਿਆ ਕਿ ਮੈਨੂੰ ਤੁਹਾਡੇ ਵਰਗਾ ਹੀ ਇਕ ਪੁੱਤਰ ਚਾਹੀਦੈ। ਇਸ ਤਰ੍ਹਾਂ ਰਾਜਾ ਮਨੁ ਦੇ ਵਰਦਾਨ ਨੂੰ ਪੂਰਨ ਕਰਨ ਲਈ ਭਗਵਾਨ ਨੂੰ ਨਰ-ਸਰੀਰ ਧਾਰਨ ਕਰਨਾ ਪਿਆ।

ਪੰਜਵਾਂ ਕਾਰਨ—ਰਾਜਾ ਸਤਯਕੇਤੂ ਦੇ ਪੁੱਤਰ ਚੱਕਰਵਰਤੀ ਰਾਜਾ ਭਾਨੂਪ੍ਰਤਾਪ ਦਾ ਉਦਾਰ ਕਰਨ ਲਈ ਭਗਵਾਨ ਨੂੰ ਨਰ-ਸਰੀਰ ਧਾਰਨ ਕਰਨਾ ਪਿਆ। ਭਾਨੂ ਪ੍ਰਤਾਪ ਬਹੁਤ ਪ੍ਰਤਾਪੀ ਅਤੇ ਧਾਰਮਿਕ ਰਾਜਾ ਸਨ। ਨਿਸ਼ਕਾਮ ਭਾਵਨਾ ਨਾਲ ਉਨ੍ਹਾਂ ਨੇ ਅਨੇਕ ਯੱਗ ਕੀਤੇ। ਉਨ੍ਹਾਂ ਦੇ ਪ੍ਰਤਾਪ ਨਾਲ ਧਰਤੀ ਮਾਲਾਮਾਲ ਹੋ ਗਈ। ਇਕ ਦਿਨ ਸ਼ਿਕਾਰ ਖੇਡਦਿਆਂ ਭਾਨੂ ਪ੍ਰਤਾਪ ਜੰਗਲ 'ਚ ਭਟਕ ਗਏ। ਰਾਤ ਉਨ੍ਹਾਂ ਨੂੰ ਬਾਹਰ ਆਉਣ ਦਾ ਰਸਤਾ ਨਹੀਂ ਲੱਭਿਆ। ਇਸ ਦੌਰਾਨ ਉਨ੍ਹਾਂ ਨੂੰ ਕਪਟੀ ਮੁਨੀ ਮਿਲਿਆ, ਜਿਸ ਦੇ ਚੱਕਰ 'ਚ ਪੈ ਕੇ ਭਾਨੂ ਪ੍ਰਤਾਪ ਦਾ ਬਹੁਤ ਨੁਕਸਾਨ ਹੋ ਗਿਆ। ਬ੍ਰਾਹਮਣਾਂ ਦੇ ਸਰਾਪ ਕਰਕੇ ਉਨ੍ਹਾਂ ਨੂੰ ਰਾਵਣ ਬਣਨਾ ਪਿਆ, ਜਿਨ੍ਹਾਂ ਨੂੰ ਮੁਕਤ ਕਰਨ ਲਈ ਭਗਵਾਨ ਨੂੰ ਸ਼੍ਰੀ ਰਾਮ ਦਾ ਸਰੀਰ ਧਾਰਨ ਕਰਨਾ ਪਿਆ। ਰਾਵਣ ਸਰੀਰ ਧਾਰਨ ਕਰਕੇ ਭਾਨੂ ਪ੍ਰਤਾਪ ਨੇ ਕਈ ਤਰ੍ਹਾਂ ਦੇ ਅੱਤਿਆਚਾਰਾਂ ਨਾਲ ਗਊ, ਬ੍ਰਾਹਮਣ, ਦੇਵਤਾ ਅਤੇ ਪ੍ਰਿਥਵੀ 'ਤੇ ਜ਼ੋਰ-ਜਬਰ ਕੀਤਾ। ਉਸਦੇ ਅੱਤਿਆਚਾਰ ਤੋਂ ਸਹਿਮੇ ਹੋਏ ਦੇਵਤਿਆਂ ਨੇ ਧਰਤੀ ਸਮੇਤ ਬ੍ਰਹਮਾ ਜੀ ਨੂੰ ਆਪਣੀ ਮੁਕਤੀ ਲਈ ਪ੍ਰਾਰਥਨਾ ਕੀਤੀ। ਭਗਵਾਨ ਸ਼ਿਵ ਦੇ ਹੁਕਮ ਅਨੁਸਾਰ ਬ੍ਰਹਮਾ ਆਦਿ ਸਾਰੇ ਦੇਵਤਿਆਂ ਨੇ ਭਗਵਾਨ ਦੀ ਸਤੁਤੀ ਕੀਤੀ। ਸਤੁਤੀ ਦੇ ਪ੍ਰਭਾਵ ਨਾਲ ਭਗਵਾਨ ਨੇ ਭਰਾਵਾਂ ਦੇ ਨਾਲ ਅਯੁੱਧਿਆ 'ਚ ਅਵਤਾਰ ਲਿਆ। ਭਗਵਾਨ ਸ਼੍ਰੀ ਰਾਮ ਨੇ ਆਪਣੇ ਭਗਤ ਵਿਭੀਸ਼ਣ ਨੂੰ ਦੱਸਿਆ ਕਿ ਮੈਂ ਸਿਰਫ ਤੁਹਾਡੇ ਵਰਗੇ ਸੰਤਾਂ ਲਈ ਹੀ ਅਵਤਾਰ ਲੈਂਦਾ ਹਾਂ, ਮੇਰੇ ਅਵਤਾਰ ਦਾ ਹੋਰ ਕੋਈ ਮਕਸਦ ਨਹੀਂ।











## ਸੰਪਾਦਕੀ

# ਕੋਵਿਡ ਮਹਾਂਮਾਰੀ ਦੀ ਤੀਸਰੀ ਲਹਿਰ-ਰੱਬ ਖੈਰ ਕਰੇ !

ਸੁਖਵਿੰਦਰ ਸਿੰਘ ਚੋਹਲਾ

ਕਰੋਨਾ ਮਹਾਂਮਾਰੀ ਦਾ ਪ੍ਰਕੋਪ ਖਤਮ ਹੋਣ ਦਾ ਨਾਮ ਨਹੀ ਲੈ ਰਿਹਾ। ਨਵੇਂ ਸਾਲ ਦੇ ਸ਼ੁਰੂ ਵਿਚ ਕਰੋਨਾ ਵੈਕਸੀਨ ਦੇ ਮਾਰਕੀਟ ਵਿਚ ਆਉਣ ਦੇ ਐਲਾਨ ਨਾਲ ਦੁਨੀਆ ਨੇ ਵੱਡੀ ਰਾਹਤ ਮਹਿਸੂਸ ਕੀਤੀ ਸੀ ਕਿ ਦੇਰ ਸਵੇਰ ਮਹਾਂਮਾਰੀ ਦਾ ਅੰਤ ਹੋ ਜਾਵੇਗਾ। ਪਰ ਹੁਣ ਕੋਵਿਡ ਦੇ ਬਦਲਵੇ ਅਤੇ ਖਤਰਨਾਕ ਰੂਪ ਵੈਰੀਐਂਟ ਪੀ-1 ਦੀ ਆਮਦ ਨਾਲ ਕਰੋਨਾ ਵੈਕਸੀਨ ਦੇ ਪ੍ਰਭਾਵੀ ਹੋਣ ਉਪਰ ਵੀ ਸਵਾਲ ਖੜੇ ਹੋ ਗਏ ਹਨ। ਵਿਸ਼ਵ ਸਿਹਤ ਸੰਗਠਨ ਅਤੇ ਕਰੋਨਾ ਖਿਲਾਫ ਜੰਗ ਦੀ ਅਗਵਾਈ ਕਰਨ ਵਾਲੇ ਡਾਕਟਰ ਅਤੇ ਮਾਹਿਰ ਵੀ ਕਰੋਨਾ ਵੈਕਸੀਨ ਦੇ ਪ੍ਰਭਾਵ ਅਤੇ ਸਮਰੱਥਾ ਉਪਰ ਸਵਾਲਾਂ ਪ੍ਰਤੀ ਨਿਰੁਤਰ ਹਨ। ਯੂਕੇ ਵਿਚ ਵਿਚ ਸਾਹਮਣੇ ਆਏ ਵੈਰੀਐਂਟ ਅਤੇ ਬਰਾਜੀਲ ਤੋ ਵੈਰੀਐਂਟ ਪੀ-1 ਨੂੰ ਕਾਟ ਕਰਨ ਲਈ ਕਿਸੇ ਵੀ ਕਰੋਨਾ ਵੈਕਸੀਨ ਦੀ ਸਮਰੱਥਾ ਉਪਰ ਸਵਾਲ ਹਨ।

ਵੈਰੀਐਂਟ ਪੀ-1 ਬਾਰੇ ਕਿਹਾ ਜਾਂਦਾ ਹੈ ਕਿ ਇਸਦੀ ਹਮਲਾ ਕਰਨ ਦੀ ਸਮਰੱਥਾ ਆਮ ਕੋਵਿਡ ਤੋ ਢਾਈ ਗੁਣਾ ਵਧੇਰੇ ਹੈ। ਇਸ ਉਪਰ ਵੈਕਸੀਨੇਸ਼ਨ ਦਾ ਵੀ ਬਹੁਤਾ ਅਸਰ ਨਹੀ। ਕਿਸੇ ਵਿਅਕਤੀ ਵਲੋ ਵੈਕਸੀਨ ਲਏ ਹੋਣ ਦੇ ਬਾਵਜੂਦ ਵੈਰੀਐਂਟ ਪੀ-1 ਆਪਣਾ ਵਾਰ ਕਰ ਸਕਦੀ ਹੈ। ਵਿਸ਼ਵ ਸਿਹਤ ਸੰਗਠਨ ਅਤੇ ਡਾਕਟਰੀ ਮਾਹਿਰਾਂ ਦੀ ਵੱਡੀ ਚਿੰਤਾ ਇਹ ਹੈ ਕਿ ਵੱਡੇ ਪੱਧਰ ਉਪਰ ਵੈਕਸੀਨੇਸ਼ਨ ਹੋਣ ਦੇ ਬਾਵਜੂਦ ਵੀ ਕਰੋਨਾ ਵਾਇਰਸ ਦੇ ਹਮਲੇ ਦੀ ਸੰਭਾਵਨਾ ਬਣੀ ਰਹੇਗੀ।

ਕਰੋਨਾ ਵੈਕਸੀਨ ਦੀ ਖੋਜ ਅਤੇ ਇਸਦੀ ਮਾਰਕੀਟ ਵਿਚ ਉਪਲਬਧੀ ਤੋ ਲੋਕਾਂ ਨੂੰ ਇਹ ਆਸ ਸੀ ਕਿ ਇਸ ਸਾਲ ਦੇ ਮੱਧ ਤੱਕ ਮਹਾਂਮਾਰੀ ਤੋ ਨਿਜਾਤ ਮਿਲ ਜਾਵੇਗੀ। ਪਰ ਵੈਰੀਐਂਟ ਕੇਸਾਂ ਵਿਚ ਲਗਾਤਾਰ ਵਾਧੇ ਨੇ ਉਮੀਦ ਨੂੰ ਨਿਰਾਸ਼ਾ ਵਿਚ ਬਦਲ ਦਿੱਤਾ ਹੈ। ਵੱਖ ਵੱਖ ਮੁਲਕਾਂ ਵਿਚ ਵੈਕਸੀਨੇਸ਼ਨ ਮੁਹਿੰਮ ਦੇ ਬਾਵਜੂਦ ਕੋਵਿਡ ਦੇ ਤੀਸਰੀ ਲਹਿਰ ਦੇ ਵਿਆਪਤ ਹੋਣ ਦੇ ਸੰਕੇਤ ਹਨ। ਸਰਕਾਰਾਂ ਅਤੇ ਸਿਹਤ ਵਿਭਾਗ ਇਸ ਤੀਸਰੀ ਲਹਿਰ ਨਾਲ ਨਿਪਟਣ ਲਈ ਨਵੀਆਂ ਪੇਸ਼ਬੰਦੀਆਂ ਵਿਚ ਜੁੱਟੇ ਹੋਏ ਹਨ। ਸਥਿਤੀ ਇਹ ਹੈ ਕਿ ਕੈਨੇਡਾ ਦੇ ਓਨਟਾਰੀਓ, ਕੁਬੈਕ, ਬੀ ਸੀ ਅਤੇ ਅਲਬਰਟਾ ਵਿਚ ਮੁੜ ਲਾਕਡਾਉਨ ਵਰਗੇ ਹਾਲਾਤ ਬਣ ਗਏ ਹਨ। ਇਹਨਾਂ ਸੂਬਿਆਂ ਵਿਚ ਵੈਕਸੀਨੇਸ਼ਨ ਦੀ ਸ਼ੁਰੂਆਤ ਨਾਲ ਠੱਪ ਪਏ ਕਾਰੋਬਾਰਾਂ ਵਿਚ ਮੁੜ ਸਰਗਰਮੀਆਂ ਬਣਨ ਲੱਗੀਆਂ ਸਨ ਪਰ ਪਿਛਲੇ ਕੁਝ ਦਿਨਾਂ ਦੌਰਾਨ ਹੀ ਕੋਵਿਡ ਵੈਰੀਐਂਟ ਕੇਸਾਂ ਦੀ ਪਛਾਣ ਹੋਣ ਅਤੇ ਇਹਨਾਂ ਦੀ ਗਿਣਤੀ ਲਗਾਤਾਰ ਵਧਣ ਕਾਰਣ ਸਰਕਾਰਾਂ ਤੇ ਸਿਹਤ ਮਹਿਕਮੇ ਚਿੰਤਤ ਹਨ। ਓਨਟਾਰੀਓ ਵਿਚ ਕੋਵਿਡ ਦੀ ਤੀਸਰੀ ਲਹਿਰ ਦੀ ਦਸਤਕ ਨੂੰ ਵੇਖਦਿਆਂ ਲੋਕਾਂ ਨੂੰ ਘਰਾਂ ਅੰਦਰ ਰਹਿਣ ਦੀਆਂ ਹਦਾਇਤਾਂ ਜਾਰੀ ਕਰ ਦਿੱਤੀਆਂ ਹਨ। ਬੀ ਸੀ ਅਤੇ ਅਲਬਰਟਾ ਵਿਚ ਵੀ ਮੁੜ ਪਾਬੰਦੀਆਂ ਲਾਗੂ ਕੀਤੇ ਜਾਣ ਨਾਲ ਆਰਥਿਕਤਾ ਦੇ ਪਹੀਏ ਨੂੰ ਮੁੜ ਜਾਮ ਲੱਗ ਗਿਆ ਹੈ। ਫੈਡਰਲ ਅਤੇ ਸੂਬਾਈ ਸਰਕਾਰਾਂ ਵੱਲੋ ਪ੍ਰਭਾਵਿਤ ਕਾਰੋਬਾਰਾਂ ਦੀ ਸਹਾਇਤਾ ਲਈ ਕਈ ਰਾਹਤਾਂ ਦੇ ਐਲਾਨ ਦੇ ਬਾਵਜੂਦ ਲੋਕਾਂ ਵਿਚ ਨਿਰਾਸ਼ਾ ਦਾ ਆਲਮ ਹੈ। ਉਹ ਸਰਕਾਰਾਂ ਅਤੇ ਸਿਹਤ ਵਿਭਾਗ ਦੀਆਂ ਸਖਤੀਆਂ ਉਪਰ ਨਾਰਾਜ਼ਗੀ ਪ੍ਰਗਟ ਕਰਨ ਲੱਗੇ ਹਨ। ਪਾਬੰਦੀਆਂ ਖਿਲਾਫ ਲੋਕ ਸੜਕਾਂ ਉਪਰ ਵੀ ਆਉਣ ਲੱਗੇ ਹਨ। ਕੁਝ ਥਾਵਾਂ ਉਪਰ ਪਾਬੰਦੀਆਂ ਦਾ ਵਿਰੋਧ ਕਰਨ ਵਾਲੇ ਲੋਕਾਂ ਨੂੰ ਜੁਰਮਾਨੇ ਵੀ ਕੀਤੇ ਗਏ ਹਨ। ਵਾਰ ਵਾਰ ਲਾਕਡਾਉਨ ਅਤੇ ਪਾਬੰਦੀਆਂ ਵਾਲੀ ਸਥਿਤੀ ਲਈ ਲੋਕ ਵੈਕਸੀਨੇਸ਼ਨ ਵਿਚ ਦੇਰੀ ਅਤੇ ਢਿੱਲ ਮੱਠ ਵਾਲੀ ਨੀਤੀ ਨੂੰ ਮੰਨ ਰਹੇ ਹਨ। ਕਰੋਨਾ ਮਹਾਂਮਾਰੀ ਦੀ ਆਮਦ ਦੇ ਸਮੇ ਫੈਡਰਲ ਸਰਕਾਰ ਵਲੋ ਜੋ ਕਦਮ ਉਠਾਏ ਗਏ ਸਨ ਤੇ ਲੋਕਾਂ ਨੂੰ ਦਿਲ ਖੋਹਲਕੇ ਆਰਥਿਕ ਰਾਹਤ ਪ੍ਰਦਾਨ ਕੀਤੀ ਸੀ, ਉਸ ਸਮੇ ਪ੍ਰਧਾਨ ਮੰਤਰੀ ਅਤੇ ਲਿਬਰਲ ਸਰਕਾਰ ਦੀ ਲੋਕਪ੍ਰਿਯਤਾ ਵਿਚ ਵੱਡਾ ਵਾਧਾ ਦਰਜ ਕੀਤਾ ਗਿਆ ਸੀ ਪਰ ਵੈਕਸੀਨੇਸ਼ਨ ਦੇ ਪ੍ਰਬੰਧਾਂ ਵਿਚ ਦੇਰੀ ਨੇ ਇਸ ਲੋਕਪ੍ਰਿਯਤਾ ਵਿਚ ਗਿਰਾਵਟ ਲੈ ਆਂਦੀ ਹੈ। ਪਹਿਲਾਂ ਇਹ ਸਮਝਿਆ ਜਾਂਦਾ ਸੀ ਕਿ ਘੱਟ ਗਿਣਤੀ ਲਿਬਰਲ ਸਰਕਾਰ ਅੱਛੇ ਕੋਵਿਡ ਪ੍ਰਬੰਧਾਂ ਅਤੇ ਆਰਥਿਕ ਰਾਹਤਾਂ ਕਾਰਣ ਮਿਲੀ ਲੋਕਪ੍ਰਿਯਤਾ ਦਾ ਲਾਹਾ ਲੈਣ ਦੇ ਯਤਨਾਂ ਤਹਿਤ ਫੈਡਰਲ ਚੋਣਾਂ ਸਮੇ ਤੋ ਪਹਿਲਾਂ ਕਰਵਾ ਸਕਦੀ ਹੈ ਪਰ ਹੁਣ ਲੱਗਦਾ ਹੈ ਸਰਕਾਰ ਨੇ ਆਪਣਾ ਮਨ ਬਦਲ ਲਿਆ ਹੈ। ਬੀ ਸੀ ਦੇ ਪ੍ਰੀਮੀਅਰ ਜਿਹਨਾਂ ਦੀ ਲੋਕਪ੍ਰਿਯਤਾ ਕੈਨੇਡਾ ਭਰ ਦੇ ਪ੍ਰੀਮੀਅਰਾਂ ਤੋ ਉਪਰ ਆਂਕੀ ਗਈ ਸੀ, ਦੀ ਲੋਕਪ੍ਰਿਯਤਾ ਵਿਚ ਵੀ ਵੱਡੀ ਗਿਰਾਵਟ ਦਰਜ ਕੀਤੀ ਗਈ ਹੈ। ਪਰ ਉਹ ਉਚਿਤ ਸਮੇ ਚੋਣਾਂ ਕਰਵਾਕੇ ਕੋਵਿਡ ਰਾਹਤਾਂ ਦਾ ਲਾਭ ਲੈ ਚੁੱਕੇ ਹਨ।



ਬੀਤੇ ਦਿਨੀ ਪ੍ਰਧਾਨ ਮੰਤਰੀ ਨੇ ਇਕ ਮੀਡੀਆ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਮੁਲਕ ਵਿਚ ਕੋਵਿਡ ਦੀ ਤੀਸਰੀ ਲਹਿਰ ਉਪਰ ਚਿੰਤਾ ਪ੍ਰਗਟ ਕਰਦਿਆਂ ਸਭ ਤੋ ਵੱਡੀ ਵਸੋ ਵਾਲੇ ਸੂਬੇ ਉਨਟਾਰੀਓ ਦੀ ਸਥਿਤੀ ਉਪਰ ਵਿਸ਼ੇਸ਼ ਚਿੰਤਾ ਜਿਤਾਈ ਜਿਥੇ ਕਿ ਕੇਸਾਂ ਵਿਚ ਲਗਾਤਾਰ ਵਾਧੇ ਕਾਰਣ ਹਸਤਪਤਾਲਾਂ ਵਿਚ ਵੀ ਥਾਂ ਦੀ ਕਮੀ ਪੈ ਗਈ ਹੈ। ਕੈਨੇਡਾ ਕਰੋਨਾ ਮਹਾਂਮਾਰੀ ਦੇ ਸ਼ੁਰੂਆਤ ਤੋ ਹੁਣ ਤੱਕ 10 ਲੱਖ ਮਰੀਜ਼ਾਂ ਦੀ ਗਿਣਤੀ ਪਾਰ ਚੁੱਕਾ ਹੈ ਜਦੋਕਿ ਹੁਣ ਤੱਕ 23 ਹਜ਼ਾਰ ਤੋ ਉਪਰ ਮੌਤਾਂ ਹੋ ਚੁੱਕੀਆਂ ਹਨ।

ਤਾਜ਼ਾ ਸਥਿਤੀ ਇਹ ਹੈ ਕਿ ਮੁਲਕ ਭਰ ਵਿਚ ਕੋਵਿਡ ਵੈਰੀਐਂਟ ਦੇ 15,000 ਤੋ ਉਪਰ ਕੇਸ ਰਿਪੋਰਟ ਹੋਏ ਹਨ। ਇਹਨਾਂ ਚੋ ਪੀ-1 ਵੈਰੀਐਂਟ ਦੇ 1000 ਤੋ ਉਪਰ ਕੇਸ ਬੀ ਸੀ, ਅਲਬਰਟਾ ਅਤੇ ਓਨਟਾਰੀਓ ਵਿਚ ਆਏ ਹਨ। ਬੀ ਸੀ ਵਿਚ ਪਿਛਲੇ ਇਕ ਹਫਤੇ ਤੋ ਰੋਜ਼ਾਨਾ 600 ਤੋ ਉਪਰ ਕੇਸ ਆ ਰਹੇ ਹਨ। ਚਿੰਤਾ ਵਾਲੀ ਗੱਲ ਇਹ ਹੈ ਕਿ 160 ਤੋ ਉਪਰ ਵੈਰੀਐਂਟ ਪੀ-1 ਕੇਸਾਂ ਦੀ ਪਛਾਣ ਹੋਈ ਹੈ ਜਿਹਨਾਂ ਨੂੰ ਅੱਗੋ ਫੈਲਣ ਤੋ ਰੋਕਣਾ ਬਹੁਤ ਮੁਸ਼ਕਲ ਹੈ। ਕੋਵਿਡ ਪਾਬੰਦੀਆਂ ਦੇ ਨਾਲ ਸਰਕਾਰ ਕੋਵਿਡ ਵੈਕਸੀਨੇਸ਼ਨ ਉਪਰੰਤ ਸਮੂਹਿਕ ਇਮੂਨਿਟੀ ਦੇ ਪੈਦਾ ਹੋਣ ਪ੍ਰਤੀ ਆਸਵੰਦ ਹੈ। ਕੈਨੇਡਾ ਸਰਕਾਰ ਨੇ 5 ਕੋਵਿਡ ਵੈਕਸੀਨ ਨੂੰ ਮਨਜੂਰੀ ਦਿੱਤੀ ਹੈ ਜਿਹਨਾਂ ਵਿਚ ਫਾਈਜ਼ਰ, ਮੋਡਰਨਾ, ਜੌਹਨਸਨ ਅਤੇ ਐਸਟਰਾਜੈਨਕਾ ਸ਼ਾਮਿਲ ਹਨ। ਲਗਪਗ 15 ਪ੍ਰਤੀਸ਼ਤ ਵਸੋ ਨੂੰ ਵੈਕਸੀਨ ਦੀ ਪਹਿਲੀ ਡੋਜ਼ ਦਿੱਤੀ ਜਾ ਚੁੱਕੀ ਹੈ। ਉਮੀਦ ਪ੍ਰਗਟਾਈ ਜਾ ਰਹੀ ਹੈ ਕਿ ਜੂਨ ਦੇ ਮੱਧ ਤੱਕ 75 ਪ੍ਰਤੀਸ਼ਤ ਨੂੰ ਕਵਰ ਕਰ ਲਿਆ ਜਾਵੇਗਾ। ਇਸ ਦੌਰਾਨ ਐਸਟਰਾਜੈਨਕਾ ਟੀਕੇ ਉਪਰ ਵਿਵਾਦ ਨੇ ਲੋਕਾਂ ਵਿਚ ਅਵਿਸ਼ਵਾਸ ਦੀ ਭਾਵਨਾ ਪੈਦਾ ਕੀਤੀ ਹੈ। ਯੂਰਪ ਵਿਚ ਇਸ ਟੀਕੇ ਉਪਰ ਰੋਕ ਲਗਾਉਣ ਉਪਰੰਤ ਹੈਲਥ ਕੈਨੇਡਾ ਨੇ ਵੀ ਇਸਦੀ ਵਰਤੋ ਰੋਕ ਦਿੱਤੀ ਹੈ। ਪਰ ਇਸ ਦੌਰਾਨ 55 ਤੋ 65 ਸਾਲ ਉਮਰ ਦੇ ਲੋਕਾਂ ਨੂੰ ਇਹ ਟੀਕਾ ਲਗਾਉਣ ਦੀ ਸਿਫਾਰਸ਼ ਕੀਤੇ ਜਾਣ ਬਾਰੇ ਹੈਲਥ ਕੈਨੇਡਾ ਦਾ ਫੁਰਮਾਨ ਸੰਦੇਹਜਨਕ ਹੈ। ਭਾਰਤ ਦੇ ਸੀਰਮ ਇੰਸਟੀਚਿਊਟ ਵਲੋ ਤਿਆਰ ਅਮਰੀਕੀ ਕੰਪਨੀ ਦੇ ਵੈਕਸੀਨ ਐਸਟਰਾਜੈਨਕਾ ਦੀ ਪ੍ਰਾਪਤੀ ਨੂੰ ਲੈਕੇ ਦੋ ਮੁਲਕਾਂ ਦੇ ਕੂਟਨੀਤਕ ਸਬੰਧਾਂ ਅਤੇ ਪਰਵਾਸੀ ਭਾਰਤੀਆਂ ਦੇ ਦੋ ਵਿਰੋਧੀ ਗੁੱਟਾਂ ਵਿਚਾਲੇ ਖਿੱਚੋਤਾਣ ਦੀ ਵੀ ਚਰਚਾ ਹੈ।

ਬਿਨਾਂ ਸ਼ੱਕ ਕਰੋਨਾਮਹਾਂਮਾਰੀ ਵਿਸ਼ਵ ਸਾਹਵੇ ਅੱਜ ਵੀ ਇਕ ਵੱਡੀ ਚੁਣੌਤੀ ਹੈ ਪਰ ਇਸ ਦੌਰਾਨ ਕਰੋਨਾ ਉਪਾਵਾਂ ਦੇ ਨਾਮ ਹੇਠ ਮੁਲਕਾਂ ਦੀ ਗੁੱਟਬੰਦੀ, ਰਾਜਸੀ ਖੇਡਾਂ ਤੇ ਸੌੜੇ ਹਿੱਤਾਂ ਦੀ ਸਿੱਧੀ ਲਈ ਕਰੋਨਾ ਨੂੰ ਵਿਰੋਧੀਆਂ ਖਿਲਾਫ ਹਥਿਆਰ ਵਾਂਗ ਵਰਤਣ ਦੀਆਂ ਪੈਂਤੜੇਬਾਜ਼ੀਆਂ ਦੀ ਵੀ ਚਰਚਾ ਨਾਲ ਨਾਲ ਹੈ। ਕਰੋਨਾ ਮਹਾਂਮਾਰੀ ਅਤੇ ਪਾਬੰਦੀਆਂ ਕਾਰਣ ਆਮ ਵਿਅਕਤੀ ਪ੍ਰੇਸ਼ਾਨੀ ਅਤੇ ਬੇਹਾਲੀ ਦੇ ਦੌਰ ਵਿਚ ਹੈ ਪਰ ਵਿਸ਼ਵ ਆਰਥਿਕਤਾ ਉਪਰ ਕਾਬਜ਼ ਧਿਰਾਂ ਦੀ ਦੌਲਤ ਦੇ ਅੰਬਾਰ ਵਧ ਰਹੇ ਹਨ। ਰੀਅਲ ਇਸਟੇਟ ਮਾਰਕੀਟ ਵਿਚ ਮੁਨਾਫਾਖੋਰੀ ਸੋਚ ਤੇ 'ਮਨੀਲਾਂਡਰਿੰਗ' ਦਾ ਰੰਗ ਗਾੜਾ ਹੋ ਰਿਹਾ ਹੈ। ਸ਼ਾਇਦ ਸਰਕਾਰਾਂ ਦੀ ਖਾਮੋਸ਼ੀ ਤੇ ਵਿੱਤੀ ਸੰਸਥਾਵਾਂ ਦੀ ਮਿਲੀਭੁਗਤ ਇਕ ਹੋਰ ਆਰਥਿਕ ਮੰਦਵਾੜੇ ਨਾਲ ਸਿੱਝਣ ਦੀ ਤਿਆਰੀ ਵਿਚ ਹਨ?

ਹਾਲ ਦੀ ਘੜੀ ਕੋਵਿਡ ਮਹਾਂਮਾਰੀ ਦੀ ਤੀਸਰੀ ਲਹਿਰ ਨਾਲ ਨਿਪਟਣ ਦੀ ਚਿੰਤਾ ਕਰਨੀ ਬਣਦੀ ਹੈ- ਰੱਬ ਖੈਰ ਕਰੇ!

"ਆਪਣੇ ਭਾਈਚਾਰੇ ਦਾ ਮਾਣ"
NOW OPEN 2ND LOCATION IN
ABBOTSFORD
UNIT #4, 2599 CEDAR PARK, PLACE
ABOVE MONA CLOTH HOUSE
PH: 604.615.8731

I.C.B.C. Claims
• No Win No Fee

Criminal Law
• Homicide and Attempted Homicide
• Extradition Matters
• Drug Offences
• Assaults
• Sexual Assaults
• Drinking and Driving Offences
• Theft and Robbery
• Offences relating to Prostitution

Divorce Cases

Immigration Law
• Immigration Appeals
• Overseas sponsorships of spouses, dependant children and parents
• Inland sponsorships of spouses, dependant children and parents
• Provincial Nominee Programs (PNP)
• Skilled Worker category
• Self-Employed
• Investor and Entrepreneur Immigration
• Work-Permits

Real Estate
• Commercial and Real Estate
• Purchase and Sale of Property
• Financing and Refinancing
• Mortgages First and Subsequent

• ਆਈ ਸੀ ਬੀ ਸੀ ਅਤੇ ਪਰਸਨਲ ਇੰਜਰੀ ਕਲੇਮ
• ਕ੍ਰਿਮਨਲ ਲਾਅ • ਡਾਈਵੋਰਸ ਕੇਸ
• ਇਮੀਗ੍ਰੇਸ਼ਨ ਲਾਅ • ਰੀਅਲ ਐਸਟੇਟ




FREE Consultation
604.543.3886
Moved to New Location
13025 - 80TH AVE.,
SURREY

SINGH THIND & ASSOCIATES
BARRISTERS & SOLICITORS

# ਹਾਈਕੋਰਟ ਵੱਲੋਂ ਬੇਅਦਬੀ ਕਾਂਡ ਦੀ ਪੜਤਾਲ ਰਿਪੋਰਟ ਰੱਦ...

[ਸਫ਼ਾ 3 ਦੀ ਬਾਕੀ]

ਮਾਮਲੇ 'ਤੇ ਚਰਚਾ ਵੀ ਹੋਈ ਸੀ। ਗ੍ਰਹਿ ਵਿਭਾਗ ਦੇ ਸੂਤਰਾਂ ਦਾ ਦੱਸਣਾ ਹੈ ਕਿ ਕੁੰਵਰ ਵਿਜੈ ਪ੍ਰਤਾਪ ਸਿੰਘ ਕੋਟਕਪੂਰਾ ਕਾਂਡ ਦੇ ਮਾਮਲੇ ਵਿੱਚ ਸਰਕਾਰੀ ਧਿਰ ਦੇ ਵਕੀਲਾਂ ਵੱਲੋਂ ਕਾਨੂੰਨੀ ਲੜਾਈ ਠੋਸ ਤਰੀਕੇ ਨਾਲ ਨਾ ਲੜੇ ਜਾਣ ਤੋਂ ਨਿਰਾਸ਼ ਸੀ। ਸਿਆਸੀ ਹਲਕਿਆਂ ਅੰਦਰ ਇਹ ਵੀ ਚਰਚਾ ਹੈ ਕਿ ਇਹ ਪੁਲੀਸ ਅਧਿਕਾਰੀ ਅਗਾਮੀ ਵਿਧਾਨ ਸਭਾ ਚੋਣਾਂ ਦੌਰਾਨ ਅੰਮ੍ਰਿਤਸਰ ਸ਼ਹਿਰ ਦੇ ਕਿਸੇ ਵਿਧਾਨ ਸਭਾ ਹਲਕੇ ਤੋਂ ਚੋਣ ਲੜ ਸਕਦਾ ਹੈ। ਪੰਜਾਬ ਅੰਦਰ ਇਨ੍ਹਾਂ ਦਿਨਾਂ ਦੌਰਾਨ ਬੇਅਦਬੀ ਕਾਂਡ ਅਤੇ ਕੋਟਕਪੂਰਾ ਗੋਲੀ ਕਾਂਡ ਦੇ ਮੁੱਦੇ 'ਤੇ ਰਾਜਨੀਤੀ ਗਰਮਾਈ ਹੋਈ ਹੈ। ਚੇਤੇ ਰਹੇ ਕਿ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਪਿਛਲੇ ਦਿਨੀਂ ਕੋਟਕਪੂਰਾ ਗੋਲੀ ਕਾਂਡ ਦੀ ਜਾਂਚ ਰਿਪੋਰਟ ਨੂੰ ਰੱਦ ਕਰਦਿਆਂ ਪੰਜਾਬ ਸਰਕਾਰ ਨੂੰ ਇਸ ਪੁਲੀਸ ਅਧਿਕਾਰੀ ਨੂੰ ਜਾਂਚ ਦੇ ਅਮਲ ਤੋਂ ਦੂਰ ਰੱਖਣ ਦੇ ਹੁਕਮ ਦਿੱਤੇ ਸਨ। ਪੰਜਾਬ ਸਰਕਾਰ ਵੱਲੋਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਕੋਟਕਪੂਰਾ ਗੋਲੀ ਕਾਂਡ ਦੀ ਜਾਂਚ ਲਈ ਗਠਿਤ ਵਿਸ਼ੇਸ਼ ਜਾਂਚ ਟੀਮ ਦੇ ਚਰਚਿਤ ਮੈਂਬਰ ਵਜੋਂ ਜਾਣੇ ਜਾਂਦੇ ਕੁੰਵਰ ਵਿਜੈ ਪ੍ਰਤਾਪ ਸਿੰਘ ਨੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਸਾਬਕਾ ਡੀਜੀਪੀ ਸੁਮੇਧ ਸਿੰਘ ਸੈਣੀ ਤੋਂ ਪੁੱਛਗਿੱਛ ਕੀਤੀ ਸੀ। ਇਸੇ ਤਰ੍ਹਾਂ ਮੁਅੱਤਲੀ ਅਧੀਨ ਆਈਜੀ ਪਰਮਰਾਜ ਸਿੰਘ ਉਮਰਾਨੰਗਲ, ਸਾਬਕਾ ਐੱਸਐੱਸਪੀ ਚਰਨਜੀਤ ਸ਼ਰਮਾ ਸਮੇਤ ਹੋਰਨਾਂ ਕਈ ਪੁਲੀਸ ਅਫਸਰਾਂ ਨੂੰ ਗ੍ਰਿਫਤਾਰ ਵੀ ਕੀਤਾ ਸੀ। ਉਮਰਾਨੰਗਲ ਨੂੰ ਤਾਂ ਪੰਜਾਬ ਪੁਲੀਸ ਦੇ ਹੈੱਡਕੁਆਰਟਰ ਤੋਂ ਗ੍ਰਿਫਤਾਰ ਕੀਤਾ ਗਿਆ ਸੀ। ਸਾਲ 2019 ਦੀਆਂ ਲੋਕ ਸਭਾ ਚੋਣਾਂ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੀ ਸ਼ਿਕਾਇਤ 'ਤੇ ਚੋਣ ਕਮਿਸ਼ਨ ਨੇ ਇਸ ਪੁਲੀਸ ਅਧਿਕਾਰੀ ਨੂੰ ਵਿਸ਼ੇਸ਼ ਜਾਂਚ ਟੀਮ ਤੋਂ ਲਾਂਭੇ ਕਰਨ ਦੇ ਹੁਕਮ ਦਿੱਤੇ ਸਨ।



### ਕੈਪਟਨ ਵਲੋਂ ਅਸਤੀਫਾ ਰੱਦ

ਚੰਡੀਗੜ੍ਹ-ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਆਈਪੀਐੱਸ ਅਧਿਕਾਰੀ ਕੁੰਵਰ ਵਿਜੈ ਪ੍ਰਤਾਪ ਸਿੰਘ ਵੱਲੋਂ ਦਿੱਤਾ ਅਸਤੀਫ਼ਾ ਰੱਦ ਕਰ ਦਿੱਤਾ ਹੈ। ਮੁੱਖ ਮੰਤਰੀ ਨੇ ਆਪਣੀ ਇਸ ਪੇਸ਼ਕਦਮੀ ਨਾਲ ਸਾਫ਼ ਕਰ ਦਿੱਤਾ ਕਿ ਉਹ ਬੇਅਦਬੀ ਕਾਂਡ ਤੇ ਕੋਟਕਪੂਰਾ ਗੋਲੀ ਕਾਂਡ ਦੀ ਤਫ਼ਤੀਸ਼ ਕਰਨ ਵਾਲੀ ਵਿਸ਼ੇਸ਼ ਜਾਂਚ ਟੀਮ ਦੇ ਮੁਖੀ ਕੁੰਵਰ ਵਿਜੈ ਪ੍ਰਤਾਪ ਸਿੰਘ ਦੀ ਪਿੱਠ 'ਤੇ ਖੜ੍ਹੇ ਹਨ। ਮੁੱਖ ਮੰਤਰੀ ਨੇ ਪੁਲੀਸ ਅਧਿਕਾਰੀ ਦੀ ਮੁੜ ਪਿੱਠ ਥਾਪੜੀ। ਨਾਰਾਜ਼ ਪੁਲੀਸ ਅਧਿਕਾਰੀ ਨੇ ਅੱਜ ਵਧੀਕ ਮੁੱਖ ਸਕੱਤਰ (ਗ੍ਰਹਿ) ਤੇ ਡੀਜੀਪੀ ਨੂੰ ਅਸਤੀਫਾ ਪੱਤਰ ਭੇਜ ਕੇ ਸਰਵਿਸ ਤੋਂ ਪਹਿਲਾਂ ਸੇਵਾ ਮੁਕਤੀ ਮੰਗੀ ਸੀ। ਮੁੱਖ ਮੰਤਰੀ ਨੇ ਅਸਤੀਫ਼ੇ ਨਾਲ ਅਸਹਿਮਤੀ ਜ਼ਾਹਰ ਕੀਤੀ ਹੈ। ਉਨ੍ਹਾਂ ਕਿਹਾ ਕਿ ਇਸ ਪੁਲੀਸ ਅਧਿਕਾਰੀ ਤੇ ਉਸ ਦੀ ਟੀਮ ਨੇ ਕੋਟਕਪੂਰਾ ਮਾਮਲੇ ਦੀ ਤੇਜ਼ੀ ਨਾਲ ਜਾਂਚ ਕਰਨ ਵਿੱਚ ਸ਼ਾਨਦਾਰ ਕੰਮ ਕੀਤਾ ਹੈ ਜਦੋਂ ਕਿ ਸ਼੍ਰੋਮਣੀ ਅਕਾਲੀ ਦਲ ਪਿਛਲੇ ਚਾਰ ਸਾਲਾਂ ਤੋਂ ਜਾਂਚ ਵਿੱਚ ਅੜਿੱਕੇ ਡਾਹੁਣ ਦੀਆਂ ਕੋਸ਼ਿਸ਼ਾਂ ਕਰਦਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਯੋਗ ਅਧਿਕਾਰੀ ਦੀ ਅਗਵਾਈ ਅਤੇ ਨਿਗਰਾਨੀ ਹੇਠ ਜਾਂਚ ਤਰਕਪੂਰਨ ਸਿੱਟੇ 'ਤੇ ਲਿਆਂਦੀ ਜਾਵੇਗੀ।ਮੁੱਖ ਮੰਤਰੀ ਨੇ ਪੁਲੀਸ ਅਧਿਕਾਰੀ ਦੀ ਇੱਛਕ ਸੇਵਾ-ਮੁਕਤੀ (ਵੀਆਰਐੱਸ) ਦੀ ਅਪੀਲ ਨੂੰ ਰੱਦ ਕਰਦਿਆਂ ਕਿਹਾ ਕਿ ਕੁੰਵਰ ਵਿਜੈ ਪ੍ਰਤਾਪ ਸਿੰਘ ਸਮਰੱਥ ਤੇ ਕੁਸ਼ਲ ਅਫਸਰ ਹਨ, ਜਿਨ੍ਹਾਂ ਦੀਆਂ ਸੇਵਾਵਾਂ ਦੀ ਸਰਹੱਦੀ ਸੂਬੇ ਨੂੰ ਲੋੜ ਹੈ।

## ਪੰਜਾਬ ਸਰਕਾਰ ਲਈ ਪਰਖ ਦੀ ਘੜੀ ਹਾਈ ਕੋਰਟ 'ਚ ਸੁਣਵਾਈ 20 ਨੂੰ

[ਸਫ਼ਾ 3 ਦੀ ਬਾਕੀ]

ਸਾਬਕਾ ਡੀਜੀਪੀ ਸੁਮੇਧ ਸੈਣੀ, ਪਰਮਰਾਜ ਸਿੰਘ ਉਮਰਾਨੰਗਲ, ਸਾਬਕਾ ਪੁਲੀਸ ਮੁਖੀ ਚਰਨਜੀਤ ਸ਼ਰਮਾ ਅਤੇ ਬਾਕੀ ਪੁਲੀਸ ਅਧਿਕਾਰੀਆਂ ਨੇ ਜਿਸ ਆਧਾਰ 'ਤੇ ਕੋਟਕਪੂਰਾ ਗੋਲੀ ਕਾਂਡ ਦੀ ਪੜਤਾਲ ਨੂੰ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ ਸੀ, ਉਸੇ ਆਧਾਰ 'ਤੇ ਹੀ ਬਹਿਬਲ ਗੋਲੀ ਕਾਂਡ ਦੀ ਰਿਪੋਰਟ ਨੂੰ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ ਗਈ ਹੈ। ਪੰਜਾਬ ਸਰਕਾਰ ਬਹਿਬਲ ਗੋਲੀ ਕਾਂਡ ਦੀ ਰਿਪੋਰਟ ਬਚਾਉਣ ਲਈ ਅੱਡੀ ਚੋਟੀ ਦਾ ਜ਼ੋਰ ਲਾ ਰਹੀ ਹੈ ਅਤੇ ਨਾਲ ਹੀ ਪੰਜਾਬ ਸਰਕਾਰ ਨੇ ਹਾਈ ਕੋਰਟ ਵਿੱਚ ਦਾਅਵਾ ਕੀਤਾ ਹੈ ਕਿ ਕੁੰਵਰ ਵਿਜੇ ਪ੍ਰਤਾਪ ਵਾਲੀ ਜਾਂਚ ਰਿਪੋਰਟ ਪੂਰੀ ਤਰ੍ਹਾਂ ਨਿਰਪੱਖ ਅਤੇ ਤੱਥਾਂ 'ਤੇ ਆਧਾਰਿਤ ਹੈ ਅਤੇ ਮੁਲਜ਼ਮਾਂ ਨੂੰ ਜਾਂਚ ਅਧਿਕਾਰੀ ਬਦਲਣ ਦੀ ਮੰਗ ਕਰਨ ਦਾ ਕੋਈ ਸੰਵਿਧਾਨ ਹੱਕ ਨਹੀਂ ਹੈ।










# ਸਿਹਤ ਨਿਰਦੇਸ਼ਾਂ ਦੀ ਉਲੰਘਣਾ ਕਰਨ ਵਾਲਿਆਂ ਨੂੰ 17 ਹਜ਼ਾਰ ਡਾਲਰ ਦੇ ਜੁਰਮਾਨੇ

ਸਰੀ (ਹਰਦਮ ਮਾਨ)-ਸਰੀ ਵਿਚ ਸਿਹਤ ਨਿਰਦੇਸ਼ਾਂ ਦੀ ਉਲੰਘਣਾ ਕਰਨ ਵਾਲਿਆਂ ਤੇ ਸ਼ਿਕੰਜਾ ਕਸਦਿਆਂ ਆਰ.ਸੀ.ਐਮ.ਪੀ. ਵੱਲੋਂ ਪਿਛਲੇ ਪੰਜ ਦਿਨਾਂ ਦੌਰਾਨ 17 ਹਜਾਰ ਡਾਲਰ ਦੇ ਜੁਰਮਾਨੇ ਕੀਤੇ ਗਏ ਹਨ। ਆਰ.ਸੀ.ਐਮ.ਪੀ. ਕਾਰਪੋਰੇਲ ਜੋਨੀ ਸਿੱਧੂ ਨੇ ਦੱਸਿਆ ਹੈ ਕਿ ਸਰੀ ਆਰ.ਸੀ.ਐਮ.ਪੀ. ਦੀ ਕੰਪਲਾਇੰਸ ਐਂਡ ਐਨਫੋਰਸਮੈਂਟ ਟੀਮ ਨੂੰ 7 ਅਪ੍ਰੈਲ ਤੋਂ 11 ਅਪ੍ਰੈਲ ਦਰਮਿਆਨ ਕੁਝ ਵੱਡੇ ਇਕੱਠ ਕਰਨ ਦੀਆਂ ਸ਼ਿਕਾਇਤਾਂ ਮਿਲੀਆਂ। ਇਨ੍ਹਾਂ ਸ਼ਿਕਾਇਤਾਂ ਉਪਰ ਕਾਰਵਾਈ ਕਰਦਿਆਂ ਸੀਸੀਈਟੀ ਅਧਿਕਾਰੀਆਂ ਨੇ ਪੰਜ ਨਿਵਾਸ ਸਥਾਨਾਂ ਤੇ ਛਾਪਾ ਮਾਰਿਆ ਤਾਂ ਨਿਊਟਨ ਦੇ ਇਕ ਘਰ ਵਿਚ ਵਿਆਹ ਪਾਰਟੀ ਚੱਲ ਰਹੀ ਸੀ ਜਿਸ ਵਿਚ 22 ਬੰਦੇ ਸ਼ਾਮਲ ਸਨ। ਪੁਲਿਸ ਵੱਲੋਂ ਇਸ ਉਲੰਘਣਾ ਲਈ ਇਸ ਪਾਰਟੀ ਦੇ ਮੇਜ਼ਬਾਨ ਨੂੰ 2.300 ਡਾਲਰ ਦੀ ਟਿਕਟ ਜਾਰੀ ਕੀਤੀ ਗਈ। ਇਸੇ ਤਰ੍ਹਾਂ 120 ਸਟ੍ਰੀਟ ਦੇ 9400-ਬਲਾਕ ਵਿੱਚ ਇੱਕ ਰੈਸਟੋਰੈਂਟ ਅੰਦਰ ਲੋਕ ਖਾਣਾ ਖਾ ਰਹੇ ਸਨ ਜੋ ਕਿ ਸਿਹਤ ਨਿਰਦੇਸ਼ਾਂ ਦੀ ਉਲੰਘਣਾ ਸੀ। ਇਸ ਰੈਸਟੋਰੈਂਟ ਦੇ ਮਾਲਕ ਨੂੰ ਵੀ 2,300 ਡਾਲਰ ਦਾ 'ਤੋਹਫ਼ਾ' ਦਿੱਤਾ ਗਿਆ। ਸਰੀ ਆਰ.ਸੀ.ਐਮ.ਪੀ. ਦੀ ਕੰਪਲਾਇੰਸ ਐਂਡ ਐਨਫੋਰਸਮੈਂਟ ਟੀਮ ਦੇ ਸਾਰਜੈਂਟ ਟਾਇਲਰ ਵਿਕਵੇਅਰ ਦੱਸਿਆ ਕਿ ਕੋਵਿਡ-19 ਸਬੰਧੀ ਸਿਹਤ ਅਧਿਕਾਰੀਆਂ ਦੀਆਂ ਹਦਾਇਤਾਂ ਦੀ ਉਲੰਘਣਾ ਕਰਨ ਵਾਲੇ ਕਾਰੋਬਾਰੀਆਂ ਅਤੇ ਲੋਕਾਂ ਦੀ ਗਿਣਤੀ ਵਧ ਰਹੀ ਹੈ ਅਤੇ ਇਹ ਰੁਝਾਨ ਚੰਗਾ ਨਹੀਂ ਹੈ।



# ਕੈਨੇਡਾ 'ਚ 90,000 ਐਸੈਂਸ਼ੀਅਲ ਵਰਕਰਾਂ ਅਤੇ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਪੱਕਾ ਕਰਨ ਲਈ ਨਵਾਂ ਪ੍ਰੋਗਰਾਮ

ਸਰੀ (ਹਰਦਮ ਮਾਨ)-ਕੈਨੇਡਾ ਦੇ ਇਮੀਗ੍ਰੇਸ਼ਨ ਵਿਭਾਗ ਵੱਲੋਂ ਅਗਲੇ ਮਹੀਨੇ ਕੁਝ ਨਵੇਂ ਨਿਰਦੇਸ਼ ਜਾਰੀ ਕੀਤੇ ਜਾ ਰਹੇ ਹਨ ਜਿਨ੍ਹਾਂ ਤਹਿਤ 90,000 ਐਸੈਂਸ਼ੀਅਲ ਵਰਕਰਾਂ ਅਤੇ ਅੰਤਰਰਾਸ਼ਟਰੀ ਗਰੈਜੂਏਟ ਸਟੂਡੈਂਟਸ ਕੈਨੇਡਾ ਦੀ ਪੀ.ਆਰ. ਹਾਸਲ ਕਰ ਸਕਣਗੇ। ਇਹ ਜਾਣਕਾਰੀ ਦਿੰਦਿਆਂ ਇਮੀਗ੍ਰੇਸ਼ਨ ਮੰਤਰੀ ਮਾਰਕੋ ਮੈਂਡੀਚੀਨੋ ਨੇ ਅੱਜ ਦੱਸਿਆ ਹੈ ਕਿ ਇਨ੍ਹਾਂ ਨਿਰਦੇਸ਼ਾਂ ਨਾਲ ਕੈਨੇਡਾ ਵਿਚ ਪਹਿਲਾਂ ਰਹਿ ਰਹੇ ਯੋਗ ਕਾਮਿਆਂ, ਵਿਦਿਆਰਥੀਆਂ ਨੂੰ ਵੱਡੀ ਰਾਹਤ ਮਿਲੇਗੀ। ਉਨ੍ਹਾਂ ਦੱਸਿਆ ਕਿ ਨਵੀਆਂ ਤਬਦੀਲੀਆਂ ਤਹਿਤ ਹੈਲਥ ਕੇਅਰ ਵਰਕਰਾਂ ਅਤੇ ਹੋਰ ਯੋਗ ਵਰਕਰਾਂ ਕੋਲ ਘੱਟੋ-ਘੱਟ ਇੱਕ ਸਾਲ ਦਾ ਤਜਰਬਾ ਹੋਣਾ ਚਾਹੀਦਾ ਹੈ ਜਿਸ ਆਸਰੇ ਉਹ ਪੀ.ਆਰ. ਲਈ ਅਪਲਾਈ ਕਰ ਸਕਣਗੇ। ਅੰਤਰਰਾਸ਼ਟਰੀ ਗਰੈਜੂਏਟਸ ਲਈ ਜ਼ਰੂਰੀ ਹੋਵੇਗਾ ਕਿ ਉਨ੍ਹਾਂ ਨੇ ਕੈਨੇਡਾ ਵਿਚ 4 ਸਾਲ ਦਾ ਪੋਸਟ ਸੈਕੰਡਰੀ ਪ੍ਰੋਗਰਾਮ ਪੂਰਾ ਕਰ ਲਿਆ ਹੋਵੇ। ਇਸ ਪ੍ਰੋਗਰਾਮ ਅਧੀਨ 20,000 ਅਸਥਾਈ ਹੈਲਥ ਕੇਅਰ ਵਰਕਰ, 30,000 ਹੋਰ ਚੁਣੇ ਜ਼ਰੂਰੀ ਕਿੱਤਿਆਂ ਦੇ ਅਸਥਾਈ ਕਾਮੇ ਅਤੇ 40,000 ਅੰਤਰਰਾਸ਼ਟਰੀ ਵਿਦਿਆਰਥੀ ਪੀ.ਆਰ. ਹਾਸਲ ਕਰ ਸਕਣਗੇ। ਇਸ ਸਬੰਧੀ ਅਰਜ਼ੀਆਂ ਲੈਣ ਦੀ ਪ੍ਰਕਰਿਆ 6 ਮਈ 2021 ਤੋਂ ਸ਼ੁਰੂ ਹੋਵੇਗੀ ਅਤੇ 5 ਨਵੰਬਰ,2021 ਤੱਕ ਜਾਂ ਜਦੋਂ ਤੱਕ ਇਹ ਟੀਚਾ ਪੂਰਾ ਨਹੀਂ ਹੋ ਜਾਂਦਾ, ਉਦੋਂ ਤੱਕ ਜਾਰੀ ਰਹੇਗੀ।




# ਕੈਨੇਡਾ 'ਚ ਵੀ ਹੈਗੇ ਅਜਿਹੀ ਮਾਨਸਿਕਤਾ ਵਾਲੇ ਲੋਕ

ਸਰੀ (ਹਰਦਮ ਮਾਨ)-ਬੀ.ਸੀ. ਦੇ ਨਨਾਈਮੋ ਆਈਲੈਂਡ ਵਿਚ ਵਾਪਰੀ ਨਮੋਸ਼ੀ ਭਰੀ ਇਕ ਘਟਨਾ ਨੇ ਸਾਬਤ ਕਰ ਦਿੱਤਾ ਹੈ ਕਿ ਖ਼ੂਬਸੂਰਤ, ਵਿਕਸਤ ਅਤੇ ਅਗਾਂਹਵਧੂ ਦੇਸ਼ ਕੈਨੇਡਾ ਵਿਚ ਘਟੀਆ ਮਾਨਸਿਕ ਪ੍ਰਵਿਰਤੀ ਵਾਲੇ ਲੋਕ ਵੀ ਰਹਿੰਦੇ ਹਨ। ਇਸ ਘਟਨਾ ਬਾਰੇ ਦੱਸਿਆ ਗਿਆ ਹੈ ਕਿ ਇਕ ਕਥਿਤ ਲੁਟੇਰੇ ਨੇ ਇੱਕ 15 ਸਾਲਾ ਲੜਕੇ ਦਾ ਬਟੂਆ ਅਤੇ ਸੈੱਲ-ਫੋਨ ਖੋਹ ਕੇ ਝੀਲ ਵਿਚ ਸੁੱਟ ਦਿੱਤੇ। ਫਿਰ ਉਸ ਦੇ ਕੱਪੜੇ ਲੁਹਾ ਲਏ ਅਤੇ ਉਸ ਨੂੰ ਅਲਫ਼ ਨੰਗਾ ਕਰ ਕੇ ਆਪਣੇ ਘਰ ਜਾਣ ਲਈ ਕਿਹਾ। ਪੁਲਿਸ ਅਨੁਸਾਰ ਉਸ ਦੀ ਮਾਰ ਕੁਟਾਈ ਵੀ ਕੀਤੀ ਗਈ। ਡਰਿਆ ਹੋਇਆ ਉਹ ਲੜਕਾ ਜਦੋਂ ਇਸ ਹਾਲਤ ਵਿਚ ਆਪਣੇ ਘਰ ਵੱਲ ਜਾਣ ਲੱਗਿਆ ਤਾਂ ਫਿਰ ਕਥਿਤ ਦੋਸ਼ੀ ਨੇ ਉਸ ਨੂੰ ਕੁਝ ਕੱਪੜੇ ਪਹਿਨਣ ਲਈ ਦੇ ਦਿੱਤੇ ਅਤੇ ਫਿਰ ਆਪ ਹੀ ਆਪਣੀ ਕਾਰ ਵਿਚ ਬਿਠਾ ਕੇ ਉਸ ਨੂੰ ਉਸ ਦੇ ਘਰ ਤੱਕ ਛੱਡ ਕੇ ਆਇਆ। ਆਰ.ਸੀ.ਐਮ.ਪੀ. ਨੇ ਇਸ ਸਬੰਧ ਵਿਚ ਇੱਕ 16 ਸਾਲਾ ਸ਼ੱਕੀ ਆਦਮੀ ਨੂੰ ਗ੍ਰਿਫਤਾਰ ਕੀਤਾ ਹੈ ਅਤੇ ਉਸ ਉਪਰ ਸਰੀਰਕ ਨੁਕਸਾਨ ਪੁਚਾਉਣ ਲਈ ਹਮਲਾ ਕਰਨ ਅਤੇ ਲੁੱਟ ਖੋਹ ਕਰਨ ਦੇ ਦੋਸ਼ ਲਾਏ ਗਏ ਹਨ।




# ਸਰੀ ਪੁਲਿਸ ਵੱਲੋਂ ਕਥਿਤ ਧੋਖੇਬਾਜ ਨੌਜਵਾਨ ਦੇ ਗ੍ਰਿਫਤਾਰੀ ਵਾਰੰਟ ਜਾਰੀ

ਸਰੀ (ਹਰਦਮ ਮਾਨ)-ਸਰੀ ਆਰ.ਸੀ.ਐਮ.ਪੀ. ਵੱਲੋਂ ਇੱਕ ਨੌਜਵਾਨ ਦੇ ਗ੍ਰਿਫਤਾਰੀ ਵਾਰੰਟ ਜਾਰੀ ਕੀਤੇ ਹਨ ਅਤੇ ਉਸ ਉਪਰ 13 ਬੰਦਿਆਂ ਨਾਲ ਧੋਖਾ ਕਰਨ ਦੇ ਦੋਸ਼ ਲਾਏ ਗਏ। ਕਥਿਤ ਧੋਖੇਬਾਜ 23 ਸਾਲਾਂ ਦਾ ਨੌਜਵਾਨ ਕਲੇਟਨ ਬਰੂਕਸ ਹੇਡਨ ਹੈ ਅਤੇ ਦੱਸਿਆ ਗਿਆ ਹੈ ਕਿ ਉਸ ਨੇ ਲੋਕਾਂ ਨਾਲ 10,635 ਡਾਲਰਾਂ ਦਾ ਧੋਖਾ ਕੀਤਾ ਹੈ। ਸਰੀ ਆਰ.ਸੀ.ਐਮ.ਪੀ. ਵੱਲੋਂ ਜਾਰੀ ਜਾਣਕਾਰੀ ਅਨੁਸਾਰ ਉਕਤ ਨੌਜਵਾਨ ਨੇ ਪਿਛਲੇ ਸਾਲ 6 ਨਵੰਬਰ ਤੋਂ 24 ਦਸੰਬਰ ਦਰਮਿਆਨ ਕੁਝ ਲੋਕਾਂ ਨੂੰ ਆਪਣੇ ਚੈੱਕ ਦੇ ਕੇ ਕੈਸ਼ ਲੈ ਲਿਆ ਪਰ ਬਾਅਦ ਵਿਚ ਪਤਾ ਲੱਗਿਆ ਕਿ ਉਸ ਵੱਲੋਂ ਲੋਕਾਂ ਨੂੰ ਦਿੱਤੇ ਚੈੱਕ ਜਾਅਲੀ ਸਨ। ਪੁਲਿਸ ਵੱਲੋਂ ਉਸ ਉਪਰ ਧੋਖਾਧੜੀ ਦੇ 13 ਦੋਸ਼ ਲਾਏ ਗਏ ਹਨ। ਉਸ ਦੀ ਫੋਟੋ ਜਾਰੀ ਕਰਦਿਆਂ ਪੁਲਿਸ ਵੱਲੋਂ ਅਜਿਹੇ ਫਰਾਡ ਸਬੰਧੀ ਲੋਕਾਂ ਨੂੰ ਚੌਕਸ ਕਰਦਿਆਂ ਅਪੀਲ ਕੀਤੀ ਗਈ ਹੈ ਕਿ ਇਸ ਸਬੰਧੀ ਕੋਈ ਜਾਣਕਾਰੀ ਮਿਲੇ ਤਾਂ ਫੋਨ ਨੰਬਰ 604-599-0502 ਜਾਂ 1-800-222-8477 ਤੇ ਸੰਪਰਕ ਕੀਤਾ ਜਾਵੇ।



Injured in an accident?

ICBC claim?

We can help.

Experienced and Professional staff are available for you. We cover all litigation expenses and if there is no recovery, there are no fees to you. Legal services also available in Punjabi, Hindi, Urdu.

ਆਈ.ਸੀ.ਬੀ.ਸੀ ਅਤੇ ਪਰਸਨਲ ਇੰਜਰੀ ਕਲੇਮ

- ਤਜ਼ੁਰਬੇਕਾਰ ਅਤੇ ਪ੍ਰੋਫੈਸ਼ਨਲ ਸਟਾਫ ਤੁਹਾਡੀ ਸੇਵਾ ਵਿੱਚ ਹੈ।
- ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀ ਲਈ ਜਾਵੇਗੀ
- ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿੱਚ ਗੱਲ ਕਰਦੇ ਹਾਂ।

We handle accident issues related to:

- Brain and spinal cord injuries
- Fatality claims
- Chronic pain
- Soft tissue injuries
- All economic damages and losses
- Slip and fall injuries

For a fair settlement for your claim, call **Mandeep Randhawa** today.

604-449-7500



RANDHAWA MINHAS LLP

PERSONAL INJURY LAWYERS

T 604-449-7500 F 604-449-7501

msr@randhawalaw.ca www.randhawalaw.ca

205-7134 King George Boulevard, Surrey, BC V3W 5A3

We Can Help You Sell Your House!
Satvir Cheema
604-240-9148
CENTURY 21 Coastal Realty Ltd.
#105-7928 128th St., Surrey, BC, V3W 4E8
satvir.cheema@century21.ca

PUNJAB LINK
# ਪੰਜਾਬ ਲਿੰਕ
ਸ਼ਨਿਚਰਵਾਰ, 17 ਅਪ੍ਰੈਲ,
ਰਿਅਲ ਅਸਟੇਟ | REAL ESTATE
www.punjablinkpaper.com 604-503-5465

For All Your Real Estate Needs
Amrik Cheema
*PREC
604-369-7000
CENTURY 21 Coastal Realty Ltd.
#105-7928 128th St., Surrey, BC, V3W 4E8
info@amrikcheema.com

## ਕਾਂਗਰਸ ਦੇ ਸਾਬਕਾ ਮੰਤਰੀ ਹੰਸ ਰਾਜ ਜੋਸਨ ਅਕਾਲੀ ਦਲ ਵਿਚ ਸ਼ਾਮਲ



ਜਲਾਲਾਬਾਦ-ਕਾਂਗਰਸ ਦੇ ਸਾਬਕਾ ਜੰਗਲਾਤ ਮੰਤਰੀ ਅਤੇ ਮੌਜੂਦਾ ਜ਼ਿਲ੍ਹਾ ਪਲਾਨਿੰਗ ਬੋਰਡ ਫਾਜ਼ਿਲਕਾ ਦੇ ਚੇਅਰਮੈਨ ਹੰਸ ਰਾਜ ਜੋਸਨ ਆਪਣੇ ਸਾਥੀਆਂ ਸਮੇਤ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਹੋ ਗਏ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸ੍ਰੀ ਜੋਸਨ ਦੇ ਜੱਦੀ ਪਿੰਡ ਚੱਕ ਸਲੋਤਰੀਆ (ਬੰਦੀਵਾਲਾ) ਪਹੁੰਚ ਕੇ ਉਨ੍ਹਾਂ ਨੂੰ ਪਾਰਟੀ ਵਿੱਚ ਸ਼ਾਮਲ ਕੀਤਾ। ਸੁਖਬੀਰ ਬਾਦਲ ਨੇ ਹੰਸ ਰਾਜ ਜੋਸਨ ਨੂੰ ਸਿਰੋਪਾਓ ਪਾ ਕੇ ਸਨਮਾਨਿਆ। ਉਨ੍ਹਾਂ ਨਾਲ ਹੀ ਹੰਸ ਰਾਜ ਜੋਸਨ ਨੂੰ ਅਕਾਲੀ ਦਲ ਦੇ ਜਨਰਲ ਸਕੱਤਰ ਦਾ ਅਹੁਦਾ ਸੌਂਪਦਿਆਂ ਚੋਣ ਲੜਨ ਵਾਸਤੇ ਤਿਆਰ ਰਹਿਣ ਲਈ ਆਖਿਆ। ਸ੍ਰੀ ਸੁਖਬੀਰ ਨੇ ਕਿਹਾ ਕਿ ਕੰਬੋਜ ਭਾਈਚਾਰੇ ਵਿੱਚ ਹੰਸ ਰਾਜ ਜੋਸਨ ਦਾ ਚੰਗਾ ਰਸੂਖ ਹੋਣ ਕਾਰਨ ਇਲਾਕੇ ਦੇ ਵੱਡੀ ਗਿਣਤੀ ਲੋਕ ਅਕਾਲੀ ਦਲ ਨਾਲ ਜੁੜਨਗੇ। ਸ੍ਰੀ ਜੋਸਨ ਨੇ ਸ਼੍ਰੋਮਣੀ ਅਕਾਲੀ ਦੇ ਪ੍ਰਧਾਨ ਅਤੇ ਪੰਜ ਵਾਰ ਮੁੱਖ ਮੰਤਰੀ ਰਹੇ ਪ੍ਰਕਾਸ਼ ਸਿੰਘ ਬਾਦਲ ਨੂੰ ਵਿਕਾਸ ਦਾ ਮਸੀਹਾ ਦੱਸਦਿਆਂ ਪਾਰਟੀ ਲਈ ਤਨਦੇਹੀ ਨਾਲ ਕੰਮ ਕਰਨ ਦੀ ਗੱਲ ਕਹੀ। ਉਨ੍ਹਾਂ ਕਿਹਾ ਕਿ ਮੌਜੂਦਾ ਦੌਰ ਵਿੱਚ ਕਾਂਗਰਸ ਦੇ ਵਿਧਾਇਕ ਲੋਕ ਹਿੱਤ ਦੇ ਕੰਮ ਛੱਡ ਕੇ ਵਪਾਰ ਕਰਨ ਲੱਗੇ ਹੋਏ ਹਨ ਅਤੇ ਆਮ ਵਰਕਰ ਦੀ ਕੋਈ ਸੁਣਵਾਈ ਨਹੀਂ ਹੋ ਰਹੀ, ਜਿਸ ਤੋਂ ਦੁਖੀ ਹੋ ਕੇ ਉਨ੍ਹਾਂ ਕਾਂਗਰਸ ਛੱਡਣ ਦਾ ਮਨ ਬਣਾਇਆ। ਦੱਸਣਯੋਗ ਹੈ ਕਿ ਹੰਸ ਰਾਜ ਜੋਸਨ ਲੰਮੇ ਸਮੇਂ ਤੋਂ ਕਾਂਗਰਸ ਨਾਲ ਨਾਰਾਜ਼ ਚੱਲ ਰਹੇ ਸਨ।

# ਅਕਾਲੀ ਸਰਕਾਰ ਬਣਨ 'ਤੇ ਕਿਸੇ ਦਲਿਤ ਆਗੂ ਨੂੰ ਉਪ ਮੁੱਖ ਮੰਤਰੀ ਬਣਾਵਾਂਗੇ-ਸੁਖਬੀਰ

ਜਲੰਧਰ-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੇ ਸਾਲ 2022 ਦੀਆਂ ਵਿਧਾਨ ਸਭਾ ਚੋਣਾਂ ਲਈ ਦਲਿਤ ਪੱਤਾ ਖੇਡਦਿਆਂ ਐਲਾਨ ਕੀਤਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਸੱਤਾ ਵਿੱਚ ਆਉਣ 'ਤੇ ਦਲਿਤ ਪਰਿਵਾਰ ਵਿੱਚੋਂ ਉਪ ਮੁੱਖ ਮੰਤਰੀ ਬਣਾਇਆ ਜਾਵੇਗਾ। ਉਹ ਇੱਥੇ ਡਾ. ਬੀ ਆਰ ਅੰਬੇਡਕਰ ਦੇ 130ਵੇਂ ਜਨਮ ਦਿਹਾੜੇ ਮੌਕੇ ਨਕੋਦਰ ਚੌਕ ਵਿੱਚ ਲੱਗੇ ਡਾ. ਅੰਬੇਡਕਰ ਦੇ ਬੁੱਤ 'ਤੇ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਪੁੱਜੇ ਸਨ। ਉਨ੍ਹਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪਾਰਟੀ ਸੱਤਾ ਵਿੱਚ ਆ ਕੇ ਦੋਆਬੇ ਵਿੱਚ ਡਾ. ਭੀਮ ਰਾਓ ਅੰਬੇਡਕਰ ਦੇ ਨਾਂ 'ਤੇ ਇੱਕ ਵੱਡੀ ਯੂਨੀਵਰਸਿਟੀ ਬਣਾਏਗੀ। ਇਸ ਦੌਰਾਨ ਉੱਥੇ ਮੌਜੂਦ ਦਲਿਤ ਸੰਗਠਨਾਂ ਨੇ 'ਸ਼੍ਰੋਮਣੀ ਅਕਾਲੀ ਦਲ ਅਤੇ ਸੁਖਬੀਰ ਬਾਦਲ ਮੁਰਦਾਬਾਦ' ਦੇ ਨਾਅਰੇ ਵੀ ਲਾਏ। ਉੱਧਰ, ਕਾਂਗਰਸ ਨੇ ਡਿਪਟੀ ਕਮਿਸ਼ਨਰ ਦੇ ਦਫ਼ਤਰ ਵਿੱਚ ਲੱਗੇ ਡਾ. ਅੰਬੇਡਕਰ ਦੇ ਬੁੱਤ 'ਤੇ ਸ਼ਰਧਾਂਜਲੀਆਂ ਭੇਟ ਕੀਤੀਆਂ। ਜਾਣਕਾਰੀ ਮੁਤਾਬਕ ਨਕੋਦਰ ਚੌਕ ਵਿੱਚ ਅੱਜ ਜਦੋਂ ਸੁਖਬੀਰ ਸਿੰਘ ਬਾਦਲ ਪਾਰਟੀ ਦੇ ਆਗੂਆਂ ਨਾਲ ਡਾ. ਅੰਬੇਡਕਰ ਨੂੰ ਸ਼ਰਧਾਂਜਲੀ ਭੇਟ ਕਰ ਰਹੇ ਸਨ ਤਾਂ ਉਨ੍ਹਾਂ ਵਿਰੁੱਧ ਬਸਪਾ ਆਗੂਆਂ ਵੱਲੋਂ ਨਾਅਰੇਬਾਜ਼ੀ ਕੀਤੀ ਗਈ। ਸ੍ਰੀ ਬਾਦਲ ਨੂੰ ਬੁੱਤ ਨੇੜੇ ਪਹੁੰਚਣ ਤੱਕ ਭਾਰੀ ਮੁਸ਼ੱਕਤ ਵੀ ਕਰਨੀ ਪਈ। ਬਸਪਾ ਵਰਕਰ ਲਗਾਤਾਰ ਉਨ੍ਹਾਂ ਦਾ ਵਿਰੋਧ ਕਰਦੇ ਰਹੇ। ਸੁਖਬੀਰ



ਸਿੰਘ ਬਾਦਲ ਦੇ ਨਾਲ ਆਏ ਆਗੂਆਂ ਵਿੱਚ ਪਾਰਟੀ ਦੇ ਜ਼ਿਲ੍ਹਾ ਦਿਹਾਤੀ ਦੇ ਪ੍ਰਧਾਨ ਅਤੇ ਨਕੋਦਰ ਤੋਂ ਵਿਧਾਇਕ ਗੁਰਪ੍ਰਤਾਪ ਸਿੰਘ ਵਡਾਲਾ, ਵਿਧਾਇਕ ਪਵਨ ਕੁਮਾਰ ਟੀਨੂੰ, ਯੂਥ ਅਕਾਲੀ ਦਲ ਦੇ ਪ੍ਰਧਾਨ ਪਰਮਬੰਸ ਸਿੰਘ ਰੋਮਾਣਾ, ਸਰਬਜੋਤ ਸਿੰਘ ਸਾਬੀ, ਸਾਬਕਾ ਵਿਧਾਇਕ ਸਰਬਜੀਤ ਸਿੰਘ ਮੱਕੜ ਤੇ ਹੋਰ ਆਗੂ ਸ਼ਾਮਲ ਸਨ।

Offering Services For All Your Business and Real Estate Needs
- Buying / Selling Businesses
- Conveyancing
- Restorations of Dissolved Companies
- Business Contracts
- Builder's Liens
- Commercial Lease Agreements
- Wills & Powers of Attorney
- Representation Agreements
- Property Sub-Divisions
- Contract Disputes

HUGHES & COMPANY
LAW CORPORATION
www.hughesco.com CEDRIC HUGHES
604.602.1828
HEAD OFFICE:
VANCOUVER
505-777 W. BROADWAY

SUNNYSANGHA • PERSONALREALESTATECORPORATION

14332 31A AVENUE



Welcome to Elgin Park Estates, Elgin's newly built sub-division! This beautiful home is situated on a 14000 sqft lot with 6800 sqft of living space. The home features 6 bedrooms 7.5 bathrooms, Wet bar, media room, gym, sauna, a games room, butlers pantry with A/C, 3 fireplaces and radiant heating, control 4, south-facing back yard. Quality builds with exquisite finishes located in one of the best sub-divisions in Elgin Chantrell. Designed to perfection, the home offers a magnificent fully equipped kitchen with high-end appliances, a custom staircase, a large wok kitchen, a master bedroom on the main floor. Call now to book your private showing.

1426 KENT



Welcome to White Rock! The current home is rented for $2450 on a month-to-month basis. The building plans for a 6300 sqft plus garage home are in the city ready for permits in a month. The Seller has spent over $60,000 to have the plans ready and the property ready for permits. Buy now and start building.

9853 HUCKLEBERRY DRIVE



Welcome to Fraser Height's newest sub-division. This 4000 sqft lot is ready to build, the plans should be ready to pick up from the city in two weeks. The home will include 7 bedrooms 6 bathrooms with a media room and bar area for your own use downstairs. The total square footage for the home will be 3722 plus a garage. Call now to get more info.

Sunny Sangha
604-356-5555
SUNNY SANGHA
Personal Real Estate Corporation
CENTURY 21 Coastal Realty Ltd.
MLS MEDALLION CLUB MEMBER
Ram Johal
604-356-5555
www.sunnysangha.com | info@sunnysangha.com

# RIGHT LINK LOGISTICS LTD.

## WE ARE NOW HIRING DRIVERS AND OWNER OPERATORS FOR OUR DRY VAN LANES INTO USA.




## COMPANY DRIVERS AND OWNER OPERATORS

# TEAM OR SOLO

**U.S.A Routes: BC to CA, AZ, TX**

**BC to WA / WA to BC or AB**

**Canada Routes: BC / AB Canada Wide**

**Paid Picks and Drops**

**Extended Medical Benefits and Travel Insurance**

**Yard to Yard Work**

**Brand New Trucks & Trailers**

Right-Link
Logistics Ltd

**Call: +1-604-857-4777 / 778-344-1964**

**Email: team@rightlink.ca**

ਤਜਰਬਾ - ਇਮਾਨਦਾਰੀ - ਨਤੀਜੇ

# HUGHES & COMPANY

## LAW CORPORATION

HUGHES
& COMPANY
LAW CORPORATION
www.hughesco.com

**EXPERIENCE • INTEGRITY • RESULTS**

- CONVEYANCING
- REAL ESTATE
- WILL & ESTATES
- PERSONAL INJURY
- CORPORATE
- GENERAL LITIGATION



**CEDRIC HUGHES**
LAWYER
Over 20 years serving the community




★★★★★
**4.9 STAR**
**Google**
**REVIEW !**

Link!
hughesco.com
*for reviews*

# 604.602.1828

MAIN OFFICE: 505-777 W. BROADWAY, VANCOUVER
SURREY OFFICE: 7164, 120 ST, SURREY ***(BY APPOINTMENT PLEASE)***
Email: cedric_hughes@hughesco.com

***AND** Service provided at Business Centres throughout the Fraser Valley and British Columbia.*
***Remote Location? No Problem. We will come to you !***






# ਗੁ: ਸ੍ਰੀ ਮੀਰੀ ਪੀਰੀ ਸਾਹਿਬ ਤਰਨਤਾਰਨ ਵਿਖੇ 60 ਤੇ 62 ਫੁੱਟ ਉੱਚੇ ਦੋ ਨਵੇਂ ਨਿਸ਼ਾਨ ਸਾਹਿਬ ਝੁਲਾਏ ਗਏ




ਤਰਨਤਾਰਨ (ਰਾਜ-ਤਾਜ ਰੰਧਾਵਾ)-ਸ਼ਹੀਦਾਂ ਦੇ ਸਿਰਤਾਜ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਵਸਾਈ ਪਵਿੱਤਰ ਨਗਰੀ ਸ੍ਰੀ ਤਰਨਤਾਰਨ ਸਾਹਿਬ ਵਿਖੇ ਜੰਡਿਆਲਾ ਰੋਡ 'ਤੇ ਪੈਂਦੇ ਗੰਗਾ ਸਿੰਘ ਨਗਰ ਸਥਿੱਤ ਗੁਰਦੁਆਰਾ ਸ੍ਰੀ ਮੀਰੀ ਪੀਰੀ ਸਾਹਿਬ ਵਿਖੇ 60 ਤੇ 62 ਫੁੱਟ ਉੱਚੇ ਦੋ ਨਵੇਂ ਨਿਸ਼ਾਨ ਸਾਹਿਬ ਪ੍ਰਬੰਧਕਾਂ ਅਤੇ ਸੰਗਤਾਂ ਵਲੋਂ ਸਰਧਾ ਭਾਵਨਾ ਨਾਲ ਮਹਾਂਪੁਰਸ਼ਾਂ ਦੀ ਦੇਖ ਰੇਖ ਵਿੱਚ ਝੁਲਾਏ ਗਏ। ਇਹ ਨਿਸ਼ਾਨ ਸਾਹਿਬ ਛੇਵੇਂ ਪਾਤਸ਼ਾਹ ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਪੁੱਤਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਪ੍ਰਕਾਸ਼ ਅਸਥਾਨ ਗੁ: ਗੁਰੂ ਕੇ ਮਹਿਲ (ਅੰਮ੍ਰਿਤਸਰ) ਵਿਖੇ 1 ਮਈ 2021 ਈ: ਨੂੰ ਮਨਾਏ ਜਾ ਰਹੇ 400 ਸਾਲਾ ਪ੍ਰਕਾਸ਼ ਗੁਰਪੁਰਬ ਨੂੰ ਸਮਰਪਿਤ ਹਨ। ਮੀਰੀ ਪੀਰੀ ਦੇ ਦੋਵਾਂ ਨਿਸ਼ਾਨ ਸਾਹਿਬਾਂ ਨੂੰ 9 ਅਪ੍ਰੈਲ 2021 ਸ਼ੁਕਰਵਾਰ ਦੇ ਸੁੱਭਾਗੇ ਦਿਹਾੜੇ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛੱਤਰ ਛਾਇਆ ਹੇਠ ਬਾਬਾ ਸੁਖਦੇਵ ਸਿੰਘ ਕਾਰ ਸੇਵਾ ਗੁ: ਸੰਤਸਰ ਹੰਸਲੀ ਸਾਹਿਬ ਤਰਨਤਾਰਨ ਵਾਲਿਆਂ ਨੇ ਬਾਬਾ ਬੁੱਢਾ ਵੰਸ਼ਜ ਪ੍ਰੋਫੈਸਰ ਬਾਬਾ ਨਿਰਮਲ ਸਿੰਘ ਰੰਧਾਵਾ ਗੁਰੂ ਕੀ ਵਡਾਲੀ-ਛੇਹਰਟਾ ਵਾਲਿਆਂ ਕੋਲੋਂ ਅਰਦਾਸਾਂ ਕਰਵਾਕੇ ਗੁਰ-ਮਰਿਆਦਾ ਅਨੁਸਾਰ ਗੁ: ਪ੍ਰਬੰਧਕਾਂ ਅਤੇ ਇਲਾਕੇ ਦੀਆਂ ਸੰਗਤਾਂ ਸਮੇਤ ਸਤਿਨਾਮ-ਵਾਹਿਗੁਰੂ ਦੇ ਸਿਮਰਨ ਅਤੇ ਬੋਲੇ ਸੋ ਨਿਹਾਲ-ਸਤਿ ਸ੍ਰੀ ਅਕਾਲ ਦੇ ਜੈਕਾਰਿਆਂ ਦੀ ਗੂੰਜ ਨਾਲ ਝੁਲਾਉਣ ਦੀ ਕਾਰ ਸੇਵਾ ਕੀਤੀ। ਨਿਸ਼ਾਨ ਸਾਹਿਬਾਂ ਨੂੰ ਝੁਲਾਉਣ ਦੇ ਸ਼ੁੱਭ ਕਾਰਜਾਂ ਹਿੱਤ ਸੰਗਤਾਂ ਵਲੋਂ ਗੁ: ਸਾਹਿਬ ਵਿਖੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਕੀਤੇ ਗਏ। ਅਰਦਾਸ ਉਪਰੰਤ ਭਾਈ ਮੇਹਰ ਸਿੰਘ ਗ੍ਰੰਥੀ ਗੁ: ਸਿੰਘ ਸਭਾ ਗੋਕਲਪੁਰਾ ਵਲੋਂ ਹੁਕਮਨਾਮਾ ਲਿਆ ਗਿਆ। ਕੜਾਹ ਪ੍ਰਸ਼ਾਦ ਦੀ ਦੇਗ ਵਰਤਾਉਣ ਤੋਂ ਬਾਅਦ ਗੁਰ ਮਰਿਆਦਾ ਅਨੁਸਾਰ ਸੰਗਤਾਂ ਵਲੋਂ ਸਤਿਨਾਮ ਵਾਹਿਗੁਰੂ ਦਾ ਜਾਪ ਕਰਦਿਆਂ 30-35 ਪੁਰਾਤਨ ਦੋਵਾਂ ਨਿਸ਼ਾਨ ਸਾਹਿਬਾਂ ਨੂੰ ਸਲਾਮੀ ਦੇ ਕੇ ਵਧਾਇਆ ਗਿਆ। ਮੀਰੀ ਪੀਰੀ ਦੇ ਨਵੇਂ ਦੋ ਨਿਸ਼ਾਨ ਸਾਹਿਬਾਂ 'ਚੋਂ ਸਭ ਤੋਂ ਪਹਿਲਾ ਪੀਰੀ (ਧਰਮ) ਦਾ 62 ਫੁੱਟ ਅਤੇ ਫਿਰ ਮੀਰੀ (ਸੱਚੀ ਰਾਜਨੀਤੀ) ਦਾ 60 ਫੁੱਟ ਉੱਚਾ ਨਿਸ਼ਾਨ ਸਾਹਿਬ ਝੁਲਾਇਆ ਗਿਆ। ਨਿਸ਼ਾਨ ਸਾਹਿਬਾਂ ਦੀਆਂ ਖਿਚਾਂ ਕਸਣ ਤੋਂ ਬਾਅਦ ਦੋਵਾਂ ਹੀ ਨਿਸ਼ਾਨ ਸਾਹਿਬਾਂ 'ਤੇ ਬਹੁਤ ਕੀਮਤੀ ਮਰਕਰੀ ਬਲਬ ਲਾਉਣ ਉਪਰੰਤ ਨਿਸ਼ਾਨ ਸਾਹਿਬਾਂ 'ਤੇ ਕੇਸਰੀ ਚੋਲੇ ਚੜ੍ਹਾਉਣ ਦੀ ਸੇਵਾ ਕੀਤੀ ਗਈ। ਸਾਰੀਆਂ ਸੇਵਾਵਾਂ ਮੁਕੰਮਲ ਹੋਣ ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਸ਼ੁਕਰਾਨੇ ਦੀ ਅਰਦਾਸ ਗੁ: ਸਾਹਿਬ ਦੇ ਗ੍ਰੰਥੀ ਭਾਈ ਨਿਸ਼ਾਨ ਸਿੰਘ ਨੇ ਕੀਤੀ ਅਤੇ ਹੁਕਮਨਾਮਾ ਪ੍ਰੋਫੈਸਰ ਬਾਬਾ ਨਿਰਮਲ ਸਿੰਘ ਰੰਧਾਵਾ ਨੇ ਲਿਆ। ਨਵੇਂ ਨਿਸ਼ਾਨ ਸਾਹਿਬ ਝੂਲਣ ਦੀ ਖੁਸ਼ੀ ਵਿੱਚ ਸੰਗਤਾਂ ਨੂੰ ਕੜਾਹ ਪ੍ਰਸ਼ਾਦ ਦੀ ਦੇਗ ਵਰਤਾਉਣ ਤੋਂ ਇਲਾਵਾ ਸੰਗਤਾਂ ਵਿੱਚ ਲੱਡੂ, ਜਲੇਬੀਆਂ ਅਤੇ ਕਈ ਹੋਰ ਪਦਾਰਥਾਂ ਦੇ ਗੱਫੇ ਵੰਡੇ ਗਏ। ਗੁਰਦੁਆਰਾ ਸਾਹਿਬ 'ਚ ਸਾਰਾ ਦਿਨ ਗੁਰੂ ਕੇ ਲੰਗਰ ਵੀ ਅਤੁੱਟ ਵਰਤਾਏ ਗਏ। ਇਥੇ ਇਹ ਗੱਲ ਵਰਣਨਯੋਗ ਹੈ ਕਿ ਨਿਸ਼ਾਨ ਸਾਹਿਬਾਂ ਨੂੰ ਝੁਲਾਉਣ ਦਾ ਦਿਨ ਇਤਿਹਾਸਕ ਦਿਹਾੜੇ ਨਾਲ ਸੰਬੰਧਤ ਸੀ ਭਾਵ 9 ਅਪ੍ਰੈਲ 2021 ਨੂੰ ਸਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦਾ 377ਵਾਂ ਗੁਰਗੱਦੀ ਪੁਰਬ ਅਤੇ ਦਸਮ ਪਾਤਸ਼ਾਹ ਜੀ ਦੇ ਸਾਹਿਬਜ਼ਾਦੇ ਜੁਝਾਰ ਸਿੰਘ ਜੀ ਦਾ 330ਵਾਂ ਜਨਮ ਦਿਹਾੜਾ ਸੀ। ਗੁ: ਮੀਰੀ ਪੀਰੀ ਸਾਹਿਬ ਤਰਨਤਾਰਨ ਦੇ ਮੁੱਖ ਸੇਵਾਦਾਰ ਜਸਵਿੰਦਰ ਸਿੰਘ ਮੱਲ੍ਹੀ ਅਤੇ ਪਰਮਜੀਤ ਸਿੰਘ ਮੱਲ੍ਹੀ ਮੈਂਬਰ ਗੁ: ਟਰੱਸਟ (ਸਾਬਕਾ ਐਮ.ਸੀ) ਨੇ ਬਾਬਾ ਸੁਖਦੇਵ ਸਿੰਘ, ਪ੍ਰੋਫੈਸਰ ਬਾਬਾ ਨਿਰਮਲ ਸਿੰਘ ਰੰਧਾਵਾ, ਕੁਲਦੀਪ ਸਿੰਘ ਮੱਲ੍ਹੀ, ਇੰਦਰਜੀਤ ਕੌਰ, ਸਰਬਜੀਤ ਕੌਰ (ਮੈਂਬਰ ਗੁ: ਟਰੱਸਟ) ਅਤੇ ਨਿਸ਼ਾਨ ਸਾਹਿਬਾਂ ਦੀ ਫਿਟਿੰਗ ਕਰਨ ਵਾਲੇ ਸੇਵਾਦਾਰਾਂ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਪਾ ਕੇ ਸਨਮਾਨਿਤ ਕਰਨ ਉਪਰੰਤ ਸੇਵਾ ਕਰਨ ਵਾਲੀਆਂ ਸੰਗਤਾਂ, ਹੰਸਲੀ ਵਾਲੇ ਬਾਬਾ ਜੀ ਅਤੇ ਬਾਬਾ ਰੰਧਾਵਾ ਦਾ ਧੰਨਵਾਦ ਕੀਤਾ।

ਵਿਸਾਖੀ ਤੇ ਖਾਲਸਾ ਸਾਜਨਾ ਦਿਵਸ
ਦੀਆਂ ਲੱਖ ਲੱਖ ਵਧਾਈਆਂ

Happy Vaisakhi and
Khalsa Sajna Divas!



Jagmeet Singh
MP for Burnaby South
Leader of Canada's New Democrats

ਜਗਮੀਤ ਸਿੰਘ
ਬਰਨਬੀ ਸਾਊਥ ਦੇ ਐੱਮਪੀ
ਐੱਨ. ਡੀ. ਪੀ. ਦੇ ਲੀਡਰ

4940 Kingsway, Burnaby BC V5H 2E2

604-291-8863
www.JagmeetSingh.ndp.ca
jagmeet.singh@parl.gc.ca

NDP

# ਸੁਖਦੇਵ ਸਿੰਘ ਢੀਂਡਸਾ ਤੇ ਰਣਜੀਤ ਸਿੰਘ ਬ੍ਰਹਮਪੁਰਾ ਰਲਕੇ ਬਣਾਉਣਗੇ ਨਵੀ ਪਾਰਟੀ

ਮੁਹਾਲੀ-ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ (ਡੈਮੋਕ੍ਰੈਟਿਕ) ਅਤੇ ਸ਼੍ਰੋਮਣੀ ਅਕਾਲੀ ਦਲ (ਟਕਸਾਲੀ) ਵੱਲੋਂ ਜਲਦੀ ਹੀ ਆਪੋ ਆਪਣੇ ਦਲ ਭੰਗ ਕਰ ਕੇ ਨਵੀਂ ਸਿਆਸੀ ਪਾਰਟੀ ਬਣਾਈ ਜਾਵੇਗੀ। ਇਸ ਸਬੰਧੀ ਦੋਵੇਂ ਪਾਰਟੀਆਂ ਦੇ ਆਗੂਆਂ ਦੀ ਸਾਂਝੀ ਛੇ ਮੈਂਬਰੀ ਕਮੇਟੀ ਬਣਾਈ ਗਈ ਹੈ। ਢੀਂਡਸਾ ਨੇ ਕਿਹਾ ਕਿ ਪੰਜਾਬ ਦੀ ਤਰੱਕੀ ਅਤੇ ਖ਼ੁਸ਼ਹਾਲੀ ਲਈ ਕਾਂਗਰਸ, ਬਾਦਲ ਦਲ ਤੇ ਭਾਜਪਾ ਨੂੰ ਸਿਆਸਤ ਤੋਂ ਲਾਂਭੇ ਕਰਨ ਦੀ ਸਖ਼ਤ ਲੋੜ ਹੈ। ਇਹ ਤਾਂ ਹੀ ਸੰਭਵ ਹੋ ਸਕਦਾ ਹੈ ਜੇ ਇਨ੍ਹਾਂ ਰਵਾਇਤੀ ਪਾਰਟੀਆਂ ਨੂੰ ਛੱਡ ਕੇ ਬਾਕੀ ਸਾਰੀਆਂ ਸਿਆਸੀ ਪਾਰਟੀਆਂ ਇਕੱਠੇ ਹੋ ਕੇ ਅਗਲੀਆਂ ਵਿਧਾਨ ਸਭਾ ਚੋਣਾਂ ਲੜਨ। ਉਨ੍ਹਾਂ ਦੱਸਿਆ ਕਿ ਬ੍ਰਹਮਪੁਰਾ ਅਤੇ ਉਨ੍ਹਾਂ ਨੇ ਪਹਿਲਕਦਮੀ ਕਰਦਿਆਂ ਨਵੀਂ ਪਾਰਟੀ ਬਣਾਉਣ ਦੀ ਚਰਚਾ ਛੇੜੀ ਸੀ ਜੋ ਸਿਰੇ ਚੜ੍ਹਨ ਵਾਲੀ ਹੈ। 17 ਅਪਰੈਲ ਨੂੰ ਇਸ ਦਾ ਰਸਮੀ ਐਲਾਨ ਹੋ ਸਕਦਾ ਹੈ।



# ਕੈਨੇਡਾ ਬਾਰਡਰ ’ਤੇ 71.5 ਕਿਲੋਗ੍ਰਾਮ ਸ਼ੱਕੀ ਕੋਕੇਨ ਫੜੀ

ਸਰੀ (ਹਰਦਮ ਮਾਨ)--ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਵੱਲੋਂ ਪੈਸੀਫਿਕ ਹਾਈਵੇਅ ਡਿਸਟ੍ਰਿਕਟ ਵਿਚ ਵੱਡੀ ਮਾਤਰਾ ਵਿਚ ਸ਼ੱਕੀ ਕੋਕੇਨ ਫੜੀ ਗਈ ਹੈ। ਜ਼ਬਤ ਕੀਤੀ ਗਈ 71.5 ਕਿਲੋਗ੍ਰਾਮ ਸ਼ੱਕੀ ਕੋਕੇਨ 64 ਇੱਟਾਂ ਵਰਗੇ ਪੈਕਟਾਂ ਵਿਚ ਬੰਦ ਕੀਤੀ ਹੋਈ ਸੀ। ਇਸ ਦੀ ਕੀਮਤ 3.5 ਮਿਲੀਅਨ ਡਾਲਰ ਦੱਸੀ ਗਈ ਹੈ। ਜਾਣਕਾਰੀ ਅਨੁਸਾਰ ਕੈਨੇਡਾ ਵਿਚ ਦਾਖ਼ਲ ਹੋਏ ਇੱਕ ਕਮਰਸ਼ਲ ਟਰੱਕ ਟਰੇਲਰ ਵਿਚ ਪਰਸਨਲ ਕੇਅਰ ਦਾ ਸਾਮਾਨ ਲਿਆਂਦਾ ਜਾ ਰਿਹਾ ਸੀ। ਇਸ ਦੀ ਜਾਂਚ ਦੌਰਾਨ ਅਧਿਕਾਰੀਆਂ ਨੂੰ ਸ਼ੱਕ ਹੋਇਆ ਅਤੇ ਫਿਰ ਟਰੇਲਰ ਨੂੰ ਅਨ-ਲੋਡ ਕਰਵਾਇਆ ਗਿਆ ਤਾਂ ਇਸ ਵਿੱਚ ਪੈਕ ਕੀਤੇ 64 ਪੈਕੇਟ ਮਿਲੇ, ਜਿਨ੍ਹਾਂ ਦੀ ਪੜਤਾਲ ਕਰਨ ਉਪਰੰਤ ਪਤਾ ਲੱਗਿਆ ਕਿ ਇਹ ਕੋਕੇਨ-ਨੁਮਾ ਪਦਾਰਥ ਹੈ। ਆਰ.ਸੀ.ਐਮ.ਪੀ. ਦੇ ਫੈਡਰਲ ਸੀਰੀਅਸ ਐਂਡ ਔਰਗੇਨਾਈਜ਼ਡ ਕਰਾਈਮ ਯੂਨਿਟ ਨੇ ਟਰੱਕ ਡਰਾਈਵਰ ਨੂੰ ਹਿਰਾਸਤ ਵਿਚ ਲੈ ਲਿਆ ਹੈ ਅਤੇ ਕੋਕੇਨ ਜ਼ਬਤ ਕਰ ਲਈ ਹੈ।

# ਭਾਰਤ ਵਿਚ ਕਰੋਨਾ ਕੇਸਾਂ ਵਿਚ ਭਾਰੀ ਵਾਧਾ 2,00,739 ਨਵੇਂ ਕੇਸ-1038 ਮੌਤਾਂ

ਨਵੀਂ ਦਿੱਲੀ-ਭਾਰਤ ਵਿਚ ਕਰੋਨਾਵਾਇਰਸ ਦੇ ਇਕ ਦਿਨ ਵਿਚ ਰਿਕਾਰਡ ਦੋ ਲੱਖ ਤੋਂ ਵੱਧ ਨਵੇਂ ਕੇਸ ਸਾਹਮਣੇ ਆਉਣ ਤੋਂ ਬਾਅਦ ਇਸ ਮਹਾਮਾਰੀ ਦੇ ਐਕਟਿਵ ਮਰੀਜ਼ਾਂ ਦੀ ਗਿਣਤੀ ਵਧ ਕੇ 14 ਲੱਖ ਤੋਂ ਪਾਰ ਪਹੁੰਚ ਗਈ ਹੈ। ਕੇਂਦਰੀ ਸਿਹਤ ਮੰਤਰਾਲੇ ਵੱਲੋਂ ਅੱਜ ਸਵੇਰੇ ਜਾਰੀ ਕੀਤੇ ਗਏ ਅੰਕੜਿਆਂ ਅਨੁਸਾਰ ਇਹ ਨਵੇਂ ਕੇਸ ਆਉਣ ਨਾਲ ਦੇਸ਼ ਵਿੱਚ ਕਰੋਨਾਵਾਇਰਸ ਦੇ ਕੁੱਲ ਕੇਸਾਂ ਦੀ ਗਿਣਤੀ ਵਧ ਕੇ 1,40,74,564 ’ਤੇ ਪਹੁੰਚ ਗਈ ਹੈ। ਸਵੇਰੇ 8 ਵਜੇ ਜਾਰੀ ਕੀਤੇ ਗਏ ਅੰਕੜਿਆਂ ਅਨੁਸਾਰ ਬੀਤੇ 24 ਘੰਟਿਆਂ ਵਿਚ ਕਰੋਨਾਵਾਇਰਸ ਦੇ 2,00,739 ਨਵੇਂ ਕੇਸ ਸਾਹਮਣੇ ਆਏ ਹਨ ਜਦੋਂਕਿ 1,038 ਲੋਕਾਂ ਦੀ ਮੌਤ ਹੋਈ ਹੈ। ਇਸ ਤਰ੍ਹਾਂ ਹੁਣ ਤੱਕ ਇਸ ਬਿਮਾਰੀ ਨਾਲ ਮਰਨ ਵਾਲਿਆਂ ਦੀ ਕੁੱਲ ਗਿਣਤੀ ਵਧ ਕੇ 1,73,123 ਹੋ ਗਈ ਹੈ। ਲਾਗ ਦੇ ਕੇਸਾਂ ਵਿਚ ਲਗਾਤਾਰ 36ਵੇਂ ਦਿਨ ਵਾਧਾ ਹੋਇਆ ਹੈ। ਦੇਸ਼ ਵਿਚ ਇਲਾਜਅਧੀਨ ਮਰੀਜ਼ਾਂ ਦੀ ਗਿਣਤੀ ਵਧ ਕੇ 14,71,877 ’ਤੇ ਪਹੁੰਚ ਗਈ ਹੈ ਜੋ ਕੁੱਲ ਕੇਸਾਂ ਦਾ 10.46 ਫ਼ੀਸਦ ਹੈ ਜਦੋਂਕਿ ਇਸ ਬਿਮਾਰੀ ਤੋਂ ਉੱਭਰ ਕੇ ਠੀਕ ਹੋਣ ਵਾਲੇ ਲੋਕਾਂ ਦੀ ਦਰ ਡਿੱਗ ਕੇ 88.31 ਫ਼ੀਸਦ ਰਹਿ ਗਈ ਹੈ। ਇਸ ਤੋਂ ਪਹਿਲਾਂ ਸਭ ਤੋਂ ਘੱਟ 1,35,926 ਜ਼ੇਰੇ ਇਲਾਜ ਮਰੀਜ਼ 12 ਫਰਵਰੀ ਨੂੰ ਸਨ ਅਤੇ ਸਭ ਤੋਂ ਵੱਧ 10,17,754 ਮਰੀਜ਼ 18 ਸਤੰਬਰ 2020 ਨੂੰ ਸਨ। ਇਸ ਬਿਮਾਰੀ ਤੋਂ ਉੱਭਰ ਕੇ ਠੀਕ ਹੋਣ ਵਾਲਿਆਂ ਦੀ ਗਿਣਤੀ ਵਧ ਕੇ 1,24,29,564 ਹੋ ਗਈ ਹੈ ਜਦੋਂਕਿ ਮੌਤ ਦੀ ਦਰ 1.23 ਫ਼ੀਸਦ ਹੈ।


## ਕੁੰਭ ਮੇਲੇ ਦੌਰਾਨ 1700 ਨੂੰ ਹੋਇਆ ਕਰੋਨਾ

ਦੇਹਰਾਦੂਨ-ਹਰਿਦੁਆਰ ਕੁੰਭ ਮੇਲਾ ਖੇਤਰ ਵਿੱਚ 10 ਤੋਂ 14 ਅਪਰੈਲ ਦੌਰਾਨ 1701 ਵਿਅਕਤੀ ਕਰੋਨਾ ਦੀ ਲਾਗ ਲਈ ਪਾਜ਼ੇਟਿਵ ਪਾਏ ਗਏ ਹਨ। ਇਨ੍ਹਾਂ ਅੰਕੜਿਆਂ ਮਗਰੋਂ ਵੱਡੇ ਧਾਰਮਿਕ ਇਕੱਠ ਬਾਰੇ ਜਤਾਇਆ ਖੌ?ਫ ਸੱਚ ਹੋਣ ਲੱਗਾ ਹੈ ਕਿ ਦੇਸ਼ ਵਿੱਚ ਕਰੋਨਾਵਾਇਰਸ ਦੇ ਕੇਸਾਂ ਦੀ ਵਧਦੀ ਗਿਣਤੀ ਵਿੱਚ ਕੁੰਭ ਮੇਲਾ ਵੱਡਾ ਯੋਗਦਾਨ ਪਾ ਸਕਦਾ ਹੈ। ਇਸ ਦੌਰਾਨ ਮੱਧ ਪ੍ਰਦੇਸ਼ ਨਾਲ ਸਬੰਧਤ ਮਹਾ ਨਿਰਵਾਣੀ ਅਖਾੜੇ ਦੇ ਮੁਖੀ ਦੀ ਕਰੋਨਾ ਕਰ ਕੇ ਮੌਤ ਹੋ ਗਈ ਹੈ। ਹਰਿਦੁਆਰ ਦੇ ਚੀਫ਼ ਮੈਡੀਕਲ ਅਧਿਕਾਰੀ ਸ਼ੰਭੂ ਕੁਮਾਰ ਝਾਅ ਨੇ ਕਿਹਾ ਕਿ ਉਪਰੋਕਤ ਅੰਕੜਾ ਆਰਟੀ-ਪੀਸੀਆਰ ਤੇ ਰੈਪਿਡ ਐਂਟੀਜੈੱਨ ਟੈਸਟ ਦੀਆਂ ਰਿਪੋਰਟਾਂ ’ਤੇ ਅਧਾਰਿਤ ਹੈ। ਪਿਛਲੇ ਪੰਜ ਦਿਨਾਂ ਦੌਰਾਨ ਹਰਿਦੁਆਰ ਤੋਂ ਦੇਵਪ੍ਰਯਾਗ ਤੱਕ ਫੈਲੇ ਮੇਲਾ ਖੇਤਰ ਵਿੱਚ ਸ਼ਰਧਾਲੂਆਂ ਤੇ ਵੱਖ ਵੱਖ ਅਖਾੜੇ ਦੇ ਸਾਧੂਆਂ ਦੇ ਨਮੂਨੇ ਲਏ ਗਏ ਸਨ। ਝਾਅ ਨੇ ਕਿਹਾ ਕਿ ਅਜੇ ਕੁਝ ਹੋਰ ਆਰਟੀ-ਪੀਸੀਆਰ ਟੈਸਟਾ ਰਿਪੋਰਟਾਂ ਦੀ ਉਡੀਕ ਹੈ ਤੇ ਮੌਜੂਦਾ ਰੁਝਾਨਾਂ ਨੂੰ ਵੇਖਦਿਆਂ ਪਾਜ਼ੇਟਿਵ ਕੇਸਾਂ ਦੀ ਗਿਣਤੀ 2000 ਨੂੰ ਟੱਪ ਸਕਦੀ ਹੈ।

# ਪੰਜਾਬ ਵਿਚ ਬਿਨਾ ਪ੍ਰੀਖਿਆਵਾਂ ਤੋਂ ਪਾਸ ਹੋਣਗੇ ਪੰਜਵੀਂ, ਅੱਠਵੀਂ ਤੇ ਦਸਵੀਂ ਦੇ ਵਿਦਿਆਰਥੀ

ਚੰਡੀਗੜ੍ਹ-ਕਰੋਨਾਵਾਇਰਸ ਦੇ ਵਧ ਰਹੇ ਕੇਸਾਂ ਦੇ ਮੱਦੇਨਜ਼ਰ ਪੰਜਾਬ ਸਰਕਾਰ ਨੇ ਅੱਜ ਐਲਾਨ ਕੀਤਾ ਹੈ ਕਿ ਪੰਜਵੀਂ, ਅੱਠਵੀਂ ਤੇ ਦਸਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਬਿਨਾ ਪ੍ਰੀਖਿਆਵਾਂ ਤੋਂ ਪਾਸ ਕਰ ਕੇ ਅਗਲੀਆਂ ਜਮਾਤਾਂ ਵਿੱਚ ਪ੍ਰੋਮੋਟ ਕਰ ਦਿੱਤਾ ਜਾਵੇਗਾ। ਪੰਜਾਬ ਰਾਜ ਪ੍ਰੀਖਿਆਵਾਂ ਬੋਰਡ ਵੱਲੋਂ ਲਈ ਜਾਂਦੀ ਬਾਰ੍ਹਵੀਂ ਜਮਾਤ ਦੀ ਪ੍ਰੀਖਿਆ ਜੋ ਕਿ ਪਹਿਲਾਂ ਹੀ ਮੁਲਤਵੀ ਕੀਤੀ ਜਾ ਚੁੱਕੀ ਹੈ, ਬਾਰੇ ਫ਼ੈਸਲਾ ਅੱਗੇ ਕਰੋਨਾ ਸਬੰਧੀ ਹਾਲਾਤ ਨੂੰ ਧਿਆਨ ਵਿਚ ਰੱਖ ਕੇ ਲਿਆ ਜਾਵੇਗਾ। ਸਰਕਾਰੀ ਬਿਆਨ ਅਨੁਸਾਰ ਇਹ ਫ਼ੈਸਲੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਕੋਵਿਡ-19 ਦੀ ਸਮੀਖਿਆ ਸਬੰਧੀ ਹੋਈ ਮੀਟਿੰਗ ਵਿਚ ਲਏ ਗਏ। ਇਹ ਫ਼ੈਸਲਾ ਕੇਂਦਰ ਸਰਕਾਰ ਵੱਲੋਂ ਸੀਬੀਐਸਈ ਦੀਆਂ ਦਸਵੀਂ ਜਮਾਤ ਦੀਆਂ ਪ੍ਰੀਖਿਆਵਾਂ ਰੱਦ ਕੀਤੇ ਜਾਣ ਤੇ ਬਾਰ੍ਹਵੀਂ ਜਮਾਤ ਦੀਆਂ ਪ੍ਰੀਖਿਆਵਾਂ ਮੁਲਤਵੀ ਕੀਤੇ ਜਾਣ ਸਬੰਧੀ ਐਲਾਨ ਕੀਤੇ ਜਾਣ ਤੋਂ ਇਕ ਦਿਨ ਬਾਅਦ ਲਿਆ ਗਿਆ ਹੈ। ਪੰਜਵੀਂ ਜਮਾਤ ਦੇ ਪੰਜ ਵਿਚੋਂ ਚਾਰ ਪੇਪਰ ਪਹਿਲਾਂ ਹੀ ਹੋ ਚੁੱਕੇ ਹਨ ਤੇ ਇਨ੍ਹਾਂ ਚਾਰ ਪੇਪਰਾਂ ਵਿਚ ਹਾਸਲ ਕੀਤੇ ਗਏ ਅੰਕਾਂ ਦੇ ਆਧਾਰ ’ਤੇ ਹੀ ਵਿਦਿਆਰਥੀਆਂ ਦਾ ਨਤੀਜਾ ਐਲਾਨ ਦਿੱਤਾ ਜਾਵੇਗਾ।


EVERSHINE FAMILY DENTISTRY
"Healthy beautiful Smiles"
Fillings, Extractions, Deep Cleaning, Crown and Bridge, Root Canals, Digital X-Rays
Practising for more than 11 years
111 - 7130 120 Street Surrey, BC V3W 3M8
(Near Guru Nanak Sikh Gurdwara) Located Ground Floor of Satnam Plaza
www.evershinedental.ca
604-593-6515



Dr. Anjanpal Kaur Bhalla



WANT TO BUY / SELL?
Tejinder S. Bansal
REALTOR
604.671.5783
Email: tbansal@msn.com
MULTIPLE REALTY LTD.
Multiple Realty Ltd.
768 Kingsway, Vancouver
TEL: 604-434-1431
www.multiplerealty.com

5137 CALVERT DR, DELTA



Beautiful in and outside totally remodelled. 3 bedroom, 2 Bathroom Rancher. 66'x102' lot in a very desirable area.
ASKING ONLY $1,049,000

6340 BUSWELL ST, RICHMOND





Top floor, Corner unit, 2 Bedroom 2 Bathroom, Prime Location, Short walk to Richmond Sky Train, Rental OK

COMING SOON !!
Industrial Warehouse in Richmond Near No. 6 Road on 1999 Savage. Call for more info.

TSM GALLERY
High quality artwork for your home or business, religious or public places.
We specialize in all kind of wallpaper installation.
Tejpal Singh Mann (Artist)
778-885-2197
9353 120st Delta BC (By Appointment)
www.tsmgallery.ca | www.jollyarts.ca
Mehndi(henna) , Jagua , Airbrush Body Art, Temporary Tattoo.
Learn in your spare time ,
Earn extra income gain friends
Training available .



# ਜੁਝਾਰੂ ਸਾਹਿਤਕਾਰ ਪ੍ਰਿੰਸੀਪਲ ਸਰਵਣ ਸਿੰਘ ਔਜਲਾ ਨਹੀਂ ਰਹੇ

ਨਸਲਵਾਦ, ਫਾਸ਼ੀਵਾਦ ਅਤੇ ਹਰ ਤਰ੍ਹਾਂ ਦੇ ਜਬਰ ਖ਼ਿਲਾਫ਼ ਬੇਬਾਕੀ ਨਾਲ ਲਿਖਣ ਵਾਲੇ ਪ੍ਰਸਿੱਧ ਚਿੰਤਕ ਪ੍ਰਿੰਸੀਪਲ ਸਰਵਣ ਸਿੰਘ ਔਜਲਾ ਸਵਰਗਵਾਸ ਹੋ ਗਏ। ਇਨ੍ਹੀਂ ਦਿਨੀਂ ਉਹ ਅਮਰੀਕਾ ਸਥਿਤ ਨਿਊ ਜਰਸੀ ਵਿਖੇ ਆਪਣੇ ਸਪੁੱਤਰ ਬਰਜਿੰਦਰ ਸਿੰਘ ਔਜਲਾ ਕੋਲ ਰਹਿ ਰਹੇ ਸਨ। ਪਿਛਲੇ ਕੁਝ ਦਿਨਾਂ ਤੋਂ ਔਜਲਾ ਸਾਹਿਬ ਜ਼ੇਰੇ ਇਲਾਜ ਸਨ ਅਤੇ 10 ਅਪ੍ਰੈਲ ਨੂੰ ਉਨ੍ਹਾਂ ਨੇ ਆਖ਼ਰੀ ਸਵਾਸ ਲਏ। ਆਪ ਦਾ ਜਨਮ ਸੰਨ 14 ਮਾਰਚ 1930 ਵਿੱਚ ਪੰਜਾਬ ਦੇ ਪਿੰਡ ਮਹਿਲ ਕਲਾਂ, ਜ਼ਿਲ੍ਹਾ ਬਰਨਾਲਾ ਵਿਖੇ ਸ. ਹਰਨਾਮ ਸਿੰਘ ਦੇ ਗ੍ਰਹਿ ਵਿਖੇ ਮਾਤਾ ਧੰਨ ਕੌਰ ਦੀ ਕੁੱਖੋਂ ਹੋਇਆ। ਆਪ ਨੇਗੁਰੂ ਹਰਗੋਬਿੰਦ ਸਾਹਿਬ ਖ਼ਾਲਸਾ ਕਾਲਜ ਗੁਰੂਸਰ ਸੁਧਾਰ ਤੋਂ ਉੱਚ ਵਿੱਦਿਆ ਹਾਸਲ ਕੀਤੀ ਅਤੇ 1951ਵਿੱਚ ਸਿੱਖ ਸਟੂਡੈਂਟ ਫੈਡਰੇਸ਼ਨ ਸੁਧਾਰ ਦੇ ਪ੍ਰਧਾਨ ਬਣੇ ਅਤੇ ਮਗਰੋਂ ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ ਦੇ ਐਗਜੈਕਟਿਵ ਮੈਂਬਰ ਵੀ ਬਣੇ। ਅਧਿਆਪਨ ਖੇਤਰ 'ਚ ਦਾਖ਼ਲ ਹੋਣ ਤੋਂ ਪਹਿਲਾਂ ਆਪ ਨੇ ਬੀ.ਟੀ. ਅਤੇ ਐਮ. ਏ. ਪੰਜਾਬੀ ਕੀਤੀ ਅਤੇ ਮਗਰੋਂ ਵੱਖ -ਵੱਖ ਥਾਵਾਂ 'ਤੇ ਵਿੱਦਿਆ ਮਾਹਿਰ ਵਜੋਂ ਸੇਵਾਵਾਂ ਦਿੱਤੀਆਂ। ਪਿੰਡ ਵਜੀਦਕੇ ਵਿਖੇ ਮੁੱਖ ਅਧਿਆਪਕ ਅਤੇ ਸਰਕਾਰੀ ਗਰਲਜ਼ ਸਕੂਲ ਟੱਲੇਵਾਲ ਵਿਖੇ ਸੇਵਾਵਾਂ ਤੋਂ ਇਲਾਵਾ, ਆਪ ਮਾਤਾ ਸਾਹਿਬ ਕੌਰ ਗਰਲਜ਼ ਕਾਲਜ ਵਿਖੇ ਪ੍ਰਿੰਸੀਪਲ ਵੀ ਰਹੇ।1988 ਅਧਿਆਪਨ ਖੇਤਰ ਤੋਂ ਸੇਵਾ ਮੁਕਤ ਹੋਏ, ਪਰ ਲਗਾਤਾਰ ਲਿਖਣ ਵੱਲ ਸਰਗਰਮ ਰਹੇ। ਪ੍ਰਿੰਸੀਪਲ ਸਰਵਣ ਸਿੰਘ ਔਜਲਾ ਦੀ ਇਤਿਹਾਸਕ ਦੇਣ ਹੈ ਕਿ ਉਨ੍ਹਾਂ ਨੇ ਆਜ਼ਾਦੀ ਘੁਲਾਟੀਏ ਤੇ ਮਹਾਨ ਸ਼ਹੀਦ ਰਹਿਮਤ ਅਲੀ ਵਜੀਦ ਕੇ ਦੇ ਨਾਂ 'ਤੇ ਪਿੰਡ ਦੇ ਸਕੂਲ ਦਾ ਨਾਂ ਰਖਵਾਇਆ। ਇੱਥੇ ਹੀ ਬੱਸ ਨਹੀਂ, ਪਾਕਿਸਤਾਨ ਰਹਿੰਦੇ ਸ਼ਹੀਦ ਦੇ ਪਰਿਵਾਰ ਦੀ ਤੀਜੀ ਪੀੜ੍ਹੀ ਨਾਲ ਲਗਾਤਾਰ ਸੰਪਰਕ ਵਿਚ ਰੱਖਿਆ ਅਤੇ ਆਰਥਿਕ ਇਮਦਾਦ ਭੇਜਦੇ ਰਹੇ। ਉਨ੍ਹਾਂ 'ਗ਼ਦਰੀ ਸ਼ਹੀਦ ਰਹਿਮਤ ਅਲੀ ਵਜੀਦਕੇ' ਕਿਤਾਬ, ਗ਼ਦਰ ਲਹਿਰ ਦੇ ਇਤਿਹਾਸ ਨੂੰ ਸਮਰਪਤ ਕਰਦਿਆਂ ਲਿਖੀ ਅਤੇ ਮੌਜੂਦਾ ਫਾਸ਼ੀਵਾਦੀ ਇੰਡੀਅਨ ਸਟਰੀਟ ਵੱਲੋਂ ਸ਼ਹੀਦਾਂ ਨੂੰ



ਅੱਖੋਂ ਪਰੋਖੇ ਕਰਨ ਅਤੇ ਮੰਦੀ ਰਾਜਨੀਤੀ ਫੈਲਾਉਣ ਦਾ ਸੱਚ ਸਾਹਮਣੇ ਲਿਆਂਦਾ। ਸਿੱਖ ਰਾਜਨੀਤੀ ਬਾਰੇ ਆਪ ਦੀ ਲਿਖੀ ਕਿਤਾਬ 'ਅਨ੍ਹੇਰੇ ਰਾਹ ਅਤੇ ਪੰਥ' ਬਹੁਤ ਚਰਚਿਤ ਰਹੀ, ਜਿਸ ਦਾ ਦੂਜਾ ਐਡੀਸ਼ਨ ਪਿਛਲੇ ਸਮੇਂ ਦੌਰਾਨ ਪ੍ਰਿੰਸੀਪਲ ਸਾਹਿਬ ਛਪਾਉਣ ਦੀ ਤਿਆਰੀ ਕਰ ਰਹੇ ਸਨ। ਪ੍ਰਿੰਸੀਪਲ ਸਾਹਿਬ ਦੀਆਂ ਕਿਤਾਬਾਂ 'ਕੌੜੀ ਕਸੈਲੀ ਮਿਠਾਸ' ਅਤੇ 'ਆਲੇ ਦੁਆਲੇ' ਕਾਫੀ ਚਰਚਿਤ ਰਹੀਆਂ। 'ਇੱਥੇ ਹਰ ਸੀਤਾ ਨੂੰ ਬਣਵਾਸ ਮਿਲਦੈ' ਕਿਤਾਬ ਵਿਚ ਪ੍ਰਿੰਸੀਪਲ ਔਜਲਾ ਨੇ ਪਰਿਵਾਰਕ ਚੁਣੌਤੀਆਂ ਅਤੇ ਕਠਨਾਈਆਂ ਦੀ ਕੌੜੀ ਹਕੀਕਤ ਨੂੰ ਬੇਬਾਕੀ ਨਾਲ ਨਾ ਸਿਰਫ਼ ਬਿਆਨ ਹੀ ਕੀਤਾ, ਬਲਕਿ ਕੈਨੇਡਾ ਦੀ ਪੰਜਾਬੀ ਰਾਜਨੀਤੀ ਵਿੱਚ ਖ਼ੁਦ ਨੂੰ 'ਲੋਹ ਪੁਰਸ਼' ਅਤੇ 'ਸਟੇਟਸਮੈਨ' ਅਖਵਾਉਣ ਵਾਲੇ 'ਸਦੀ ਦੇ ਸਿਆਸਤਦਾਨ' ਵਲੋਂ ਮੂੰਹ 'ਚ ਘੁੰਗਣੀਆਂ ਪਾ ਕੇ, ਪਰਿਵਾਰਕ ਜ਼ਿਆਦਤੀਆਂ ਖ਼ਿਲਾਫ਼ ਜ਼ੁਬਾਨ ਨਾ ਖੋਲ੍ਹਣ ਅਤੇ ਪੀੜਤ ਇਸਤਰੀ ਦੇ ਹੱਕ ਵਿੱਚ 'ਹਾਅ ਦਾ ਨਾਅਰਾ' ਨਾ ਮਾਰਨ ਦੀ ਸੱਚਾਈ ਵੀ ਬਿਆਨ ਕੀਤੀ। ਇਕ ਸਮਰੱਥ ਸਾਹਿਤਕਾਰ ਹੋਣ ਦੇ ਬਾਵਜੂਦ ਚਾਹੇ ਕਿਸੇ ਵੀ ਸਰਕਾਰ ਨੇ ਉਨ੍ਹਾਂ ਨੂੰ ਸਨਮਾਨ ਨਾ ਦਿੱਤਾ ਅਤੇ ਨਾ ਹੀ ਔਜਲਾ ਸਾਹਿਬ ਨੇ ਸਰਕਾਰੀ ਸਨਮਾਨ ਦੀ ਆਸ ਹੀ ਰੱਖੀ, ਪਰ ਕੈਨੇਡਾ ਅਮਰੀਕਾ ਦੀਆਂ ਵੱਖ- ਵੱਖ ਸੰਸਥਾਵਾਂ ਨੇ ਉਨ੍ਹਾਂ ਨੂੰ ਸਦਾ ਹੀ ਸਤਿਕਾਰਿਆ। ਕੇਂਦਰੀ ਪੰਜਾਬੀ ਲੇਖਕ ਸਭਾ ਉੱਤਰੀ ਅਮਰੀਕਾ ਅਤੇ ਪੰਜਾਬੀ ਸਹਿਤ ਸਭਾ ਮੁੱਢਲੀ ਐਬਟਸਫੋਰਡ ਦੇ ਸਮਾਗਮਾਂ 'ਚ ਉਸ ਸਮੇਂ- ਸਮੇਂ ਸ਼ਿਰਕਤ ਕਰਦੇ ਰਹੇ। ਸੰਨ 2002 ਤੋਂ ਬਾਅਦ ਕੈਨੇਡਾ ਅਤੇ ਅਮਰੀਕਾ ਵਿੱਚ ਰਹਿੰਦੇ ਹੋਏ, ਉਹ ਹਰ ਸਾਹਿਤਕ ਸਮਾਗਮ ਦੀ ਸ਼ਾਨ ਵਧਾਉਂਦੇ ਅਤੇ ਮਾਨਵਵਾਦੀ ਸੋਚ ਦਾ ਪ੍ਰਗਟਾਵਾ ਕਰਦੇ। ਪ੍ਰਿੰਸੀਪਲ ਸਾਹਿਬ ਦੇ ਚਾਰੇ ਪੁੱਤਰ-ਧੀਆਂ ; ਡਾ ਪਰਮਜੀਤ ਸਿੰਘ, ਬਲਜਿੰਦਰ ਸਿੰਘ, ਦਿਵਜੋਤ ਕੌਰ ਅਤੇ ਰਵਿੰਦਰ ਕੌਰ ਸਮੇਤ ਹਸਦੀ-ਵਸਦੀ ਵਿਸ਼ਾਲ ਫੁਲਵਾੜ ੀ ਉਨ੍ਹਾਂ ਦੀਆਂ ਸਿੱਖਿਆਵਾਂ ਤੇ ਪਹਿਰਾ ਦੇ ਰਹੀ ਹੈ। ਪਰਿਵਾਰ ਅਨੁਸਾਰ ਕੋਵਿਡ 19 ਦੇ ਹਾਲਾਤ ਕਾਰਨ ਪ੍ਰਿੰਸੀਪਲ ਸਾਹਿਬ ਦਾ ਸਸਕਾਰ ਨਿਜੀ ਪੱਧਰ 'ਤੇ ਹੋਵੇਗਾ, ਪਰ ਹਮਦਰਦੀ ਦੇ ਇਜ਼ਹਾਰ ਲਈ ਕੈਨੇਡਾ ਵਿਚ 778-994-7514 ਨੰਬਰ 'ਤੇ ਅਤੇ ਅਮਰੀਕਾ ਵਿਚ 1-848-236-6914 ਨੰਬਰ 'ਤੇ ਗੱਲਬਾਤ ਕੀਤੀ ਜਾ ਸਕਦੀ ਹੈ। ਪ੍ਰਿੰਸੀਪਲ ਸਾਹਿਬ ਦੀਆਂ ਅਨੇਕਾਂ ਕਵਿਤਾਵਾਂ ਸੁਹਜ ਅਤੇ ਚੇਤਨਾ ਦਾ ਪ੍ਰਗਟਾਵਾ ਕਰਦੀਆਂ ਹਨ, ਜਿਨ੍ਹਾਂ ਵਿੱਚੋਂ ਇਹ ਸ਼ਬਦ ਉਨ੍ਹਾਂ ਦੀ ਆਖ਼ਰੀ ਵਿਦਾਇਗੀ ਮੌਕੇ ਸਾਂਝੇ ਕਰਦਿਆਂ, ਮਹਾਨ ਵਿੱਦਿਆ ਸ਼ਾਸਤਰੀ ਅਤੇ ਸਾਹਿਤਕਾਰ ਨੂੰ ਸ਼ਰਧਾਂਜਲੀ ਭੇਟ ਕਰਦੇ ਹਾਂ

'ਮੈਂ ਮੋਈ, ਮੈਨੂੰ ਵਿਦਾ ਕਰੋ। ਉਹ ਜੀਵੇ, ਇਹ ਸਦਾ ਕਰੋ।
ਅਫ਼ਕਾਰਾਂ ਦੀ ਪਿਠ ਦੇ ਉਤੇ, ਸਹਿਜਤਾ ਦਾ ਫਹਿਆ ਧਰੋ।
ਡਿਗਦੇ ਹੋਏ ਦੀ ਬਾਂਹ ਫੜੋ। ਡਿਗੇ ਹੋਏ ਨੂੰ ਖੜਾ ਕਰੋ।
ਬੁਰੇ ਵਿਚੋਂ ਵੀ ਚੰਗਾ ਵੇਖੋ, ਜੇ ਗੁਣ ਮਿਲੇ ਤਾਂ ਖਰਾ ਕਰੋ।
ਚੁਗਲ ਅਤੇ ਖ਼ੁਸ਼ਾਮਦੀ ਕੋਲੋਂ, ਸਦਾ ਬਚੋ ਤੇ ਸਦਾ ਡਰੋ।'

—ਡਾ: ਗੁਰਵਿੰਦਰ ਸਿੰਘ

# ਸ: ਭਾਗ ਸਿੰਘ ਲਿੱਟ ਪਿੰਡ ਬੁਰਜ ਲਿੱਟਾਂ ਸਵਰਗਵਾਸ


ਸਰੀ-ਕੈਨੇਡਾ ਵੱਸਦੇ ਸੌ ਤੋਂ ਵੱਧ ਪਰਿਵਾਰਾਂ ਦੇ ਮੁਖੀ ਅਤੇ ਸੌ ਸਾਲ ਤੋਂ ਲੰਮਾ ਜੀਵਨ ਗੁਜ਼ਾਰਨ ਵਾਲੇ ਬਾਪੂ ਜੀ ਬੀਤੇ ਦਿਨ, 7 ਅਪ੍ਰੈਲ ਨੂੰ, ਐਬਟਸਫੋਰਡ ਸਥਿਤ ਆਪਣੇ ਗ੍ਰਹਿ ਵਿਖੇ ਗੁਰੂ ਚਰਨਾਂ ਵਿਚ ਜਾ ਬਿਰਾਜੇ ਹਨ। ਪੰਜਾਬ ਤੋਂ ਰਾਏਕੋਟ ਨੇੜਲੇ ਪਿੰਡ ਬੁਰਜ ਲਿੱਟਾਂ ਦੇ ਜੰਮਪਲ ਬਾਪੂ ਜੀ ਨੇ ਪਿੰਡ ਵਿਚ ਸਕੂਲ ਸਥਾਪਨਾ, ਗੁਰਦੁਆਰਾ ਉਸਾਰੀ ਅਤੇ ਹੋਰ ਸੇਵਾ ਕਾਰਜਾਂ 'ਚ ਵੱਡਮੁੱਲਾ ਯੋਗਦਾਨ ਪਾਇਆ। ਆਪਣੇ ਬੱਚਿਆਂ ਨੂੰ ਗੁਰਸਿੱਖੀ ਨਾਲ ਜੋੜਿਆ। ਪਿਆਰ-ਸਤਿਕਾਰ ਅਤੇ ਮਾਨਵਵਾਦੀ ਸੋਚ ਦੀ ਗੁੜ੍ਹਤੀ ਦਿੱਤੀ। ਕੁਝ ਦਹਾਕੇ ਪਹਿਲਾਂ ਕੈਨੇਡਾ ਆ ਵਸੇ ਅਤੇ ਇਸ ਵੇਲੇ ਹਸਦੀ- ਵਸਦੀ ਫੁਲਵਾੜੀ ਦਾ ਆਨੰਦ ਮਾਣ ਰਹੇ ਸਨ। ਬਾਪੂ ਭਾਗ ਸਿੰਘ ਜੀ ਦੇ ਇਸ ਪਰਿਵਾਰ ਵਿੱਚ ਅੱਠ ਧੀਆਂ- ਪੁੱਤਰਾਂ : ਬੀਬੀ ਗੁਰਦਿਆਲ ਕੌਰ , ਬੀਬੀ ਬੇਅੰਤ ਕੌਰ, (ਸਵਰਗੀ) ਬੀਬੀ ਗੁਰਦੇਵ ਕੌਰ ਅਤੇ ਬੀਬੀ ਗੁਰਮੇਲ ਕੌਰ ਤੇ ਪੁੱਤਰਾਂ ਵਿੱਚ (ਸਵਰਗੀ) ਭਾਈ ਗੁਰਦੇਵ ਸਿੰਘ, ਭਾਈ ਬਲਵੰਤ ਸਿੰਘ, ਭਾਈ ਚਰਨ ਸਿੰਘ ਅਤੇ ਭਾਈ ਰਣਜੀਤ ਸਿੰਘ ਸਮੇਤ, ਅੱਗੇ ਉਨ੍ਹਾਂ ਦੇ ਧੀਆਂ-ਪੁੱਤਰ ਪੋਤਰੇ ਪੋਤਰੀਆਂ ਪੜਪੋਤਰੇ ਦੋਹਤੇ ਦੋਹਤੀਆਂ ਪੜਦੋਹਤੇ ਪੜਦੋਹਤੀਆਂ ਆਦਿ ਅਨੇਕਾਂ ਹੀ ਸ਼ਾਮਲ ਹਨ। ਅੱਜ 9 ਅਪ੍ਰੈਲ ਨੂੰ ਬਾਪੂ ਭਾਗ ਸਿੰਘ ਜੀ ਨੂੰ ਸਮੂਹ ਪਰਿਵਾਰ ਅੰਤਮ ਵਿਦਾਇਗੀ ਦੇ ਰਹੇ ਹਨ। ਕੋਵਿਡ-19 ਦੀਆਂ ਸ਼ਰਤਾਂ ਕਾਰਨ, ਨਿੱਜੀ ਰੂਪ ਵਿੱਚ ਅੰਤਮ ਸੰਸਕਾਰ ਮੌਕੇ ਸਭ ਦਾ ਸ਼ਾਮਲ ਹੋਣਾ ਸੰਭਵ ਨਹੀਂ, ਪਰ ਸਭ ਦਾ ਧੰਨਵਾਦ ਹੈ। ਪਰਿਵਾਰ ਵੱਲੋਂ ਐਬਟਸਫੋਰਡ ਸਥਿਤ ਗ੍ਰਹਿ ਵਿਖੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਵਾ ਕੇ ਸਹਿਜ ਪਾਠ ਆਰੰਭੇ ਗਏ ਹਨਜਿਨ੍ਹਾਂ ਦੇ ਭੋਗ ਸ਼ਨਿੱਚਰਵਾਰ 17 ਅਪ੍ਰੈਲ ਨੂੰ ਪਾਏ ਜਾਣਗੇ। ਮਾਨਯੋਗ ਬਾਪੂ ਜੀ ਨੂੰ ਸ਼ਰਧਾਂਜਲੀ ਭੇਟ ਕਰਨ ਅਤੇ ਪਰਿਵਾਰ ਨਾਲ ਸੰਪਰਕ ਕਰਨ ਲਈ ਸਬੰਧਿਤ ਨੰਬਰਾਂ ਤੇ ਗੱਲਬਾਤ ਕੀਤੀ ਜਾ ਸਕਦੀ ਹੈ: ਚਰਨ ਸਿੰਘ ਲਿੱਟ (604 308-3513), ਬੇਅੰਤ ਕੌਰ ਗਰੇਵਾਲ (604 825 2536)।



JOSAN REBAR & DAMPPROOFING LTD.
7 ਸਾਲ ਤੋਂ ਵੱਧ ਤਜ਼ਰਬਾ
• BEAM LOG • POLY
• COMPACTING
• STYROFOAM
• FOUNDATION
• DAMPPROOFING
• WINDOW WELL
• INSULATION
• REINFORCING STEEL
• POST TENSIONING & WIRE MESH
• DRIVEWAY, SIDEWALK & GARAGE
- ਮੁਫ਼ਤ ਐਸਟੀਮੇਟ ਲਈ ਫੋਨ ਕਰੋ:
ਸੁਖਵਿੰਦਰ ਸਿੰਘ ਜੋਸਨ
604.250.1686
Email: sukhwinderjosan25@gmail.com

HOMELAND MORTGAGE CORP.
ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਇਕ ਵਾਰ ਸਾਨੂੰ ਜਰੂਰ ਮਿਲੋ। ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ
☑ ਪਹਿਲੀ ਵਾਰ ਘਰ ਖਰੀਦਣ ਵਾਲੇ
☑ ਰੈਜੀਡੈਂਸ਼ੀਅਲ ਮੌਰਟਗੇਜ
☑ ਕੰਸਟਰਕਸ਼ਨ ਮੌਰਟਗੇਜ
☑ ਪ੍ਰਾਈਵੇਟ ਮੌਰਟਗੇਜ
☑ ਸੈਕੰਡ ਅਤੇ ਥਰਡ ਮੌਰਟਗੇਜ
• Residential Mortgages
• Construction Mortgage
• Commercial Mortgages
• Farm Financing
• Private Mortgages
• 2nd & 3rd Mortgage
(*Conditionsapply)
Professional & Experienced
MORTGAGE CONSULTANTS
Ph: 604-593-6622
Fax: 604-593-6615
Unit 204 - 7928 128 St.
(York Business Centre) Surrey
HARDEV SINGH GREWAL
Mortgage Consultant
Cell: 604-500-3920
www.homelandmortgage.ca,
homelandmortgage@hotmail.com
KULDIP S PANESAR
Senior Mortgage Advisor
Cell: 604-308-6839

NORTHCOAST LUMBER 1
CALL THE TRUE CONTRACTORS YARD TODAY
604-597-8884
*5 Acres of Lumber
*Landscape Materials
*Treated Lumber
*Plywood/OSB
*Versalam/BCI Joist
*Full Hardware Store
*12 Lumber Trucks
NORTHCOAST LUMBER 1 604-597-8884
14682 - 66th Ave, Surrey, BC, V3S 1Z9
Fax: 604-597-0854
www.lumber1.ca/contractor




ਲੜੀਵਾਰ ਮਹਾਂ ਕਾਵਿ

# ਕਿਸ ਬਿਧ ਮਿਲੀ ਆਜ਼ਾਦੀ

ਲੇਖਕ : ਹਰਚੰਦ ਸਿੰਘ ਬਾਗੜੀ



*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

98 ਜੰਗ ਜਿੱਤ ਕੇ ਮੁੜੇ ਜਵਾਨ ਜਦੋਂ, ਗੁਰਾਂ ਦਿੱਤੀਆਂ ਆਣ ਵਡਿਆਈਆਂ ਨੇ।
ਕੱਲੇ ਕੱਲੇ ਨੂੰ ਲਾਇਆ ਘੁੱਟ ਸੀਨੇ, ਜ਼ਖ਼ਮ ਧੋ ਧੋ ਮੱਲ੍ਹਮਾਂ ਲਾਈਆਂ ਨੇ।
ਦਿੱਤੇ ਰੁਤਬੇ ਅਤੇ ਇਨਾਮ ਚੋਖੇ, ਵਿਚ ਦੁੱਧ ਦੇ ਗਿਰੀਆਂ ਪਾਈਆਂ ਨੇ।
ਹਰਚੰਦ ਸਿੰਘਾ ਜਿੱਤ ਦੇ ਨਾਦ ਵੱਜੇ, ਇੱਕ ਦੂਏ ਨੂੰ ਦੇਣ ਵਧਾਈਆਂ ਨੇ॥
99 ਘਾਓ ਭਰ ਗਏ ਪੱਟੀਆਂ ਲੱਥ ਗਈਆਂ, ਸਤਿਗੁਰ ਉਨ੍ਹਾਂ ਤੇ ਫਿਰ ਦਿਆਲ ਹੋਏ।
ਜਾਓ ਘਰਾਂ ਨੂੰ ਛੁੱਟੀਆਂ ਕੱਟ ਆਓ, ਮੁਹਰਾਂ ਮਿਲੀਆਂ ਮਾਲਾ-ਮਾਲ ਹੋਏ।
ਧਨ ਭੇਜਿਆ ਘਰੀਂ ਸ਼ਹੀਦਾਂ ਦੇ, ਹੱਲ ਉਨ੍ਹਾਂ ਦੇ ਸਭ ਸਵਾਲ ਹੋਏ।
ਹਰਚੰਦ ਸਿੰਘਾ ਮੁੜੇ ਜਦ ਛੁੱਟੀਆਂ ਤੋਂ, ਮੁੰਡੇ ਗੱਭਰੂ ਉਨ੍ਹਾਂ ਦੇ ਨਾਲ ਹੋਏ॥

### ਹੁਸੈਨੀ ਦੀ ਹਾਰ ਦਾ ਅਸਰ

100 ਹਾਰ ਵੇਖ ਹੁਸੈਨੀ ਤੇ ਸਾਥੀਆਂ ਦੀ, ਤਖ਼ਤ ਜੰਮੂ-ਲਹੌਰ ਦਾ ਹੱਲਿਆ ਏ।
ਜੇਤੂ ਹਿੰਦ ਦੇ ਜੋ ਅਖਵਾਉਣ ਵਾਲੇ, ਚਾਰਾ ਉਨ੍ਹਾਂ ਦਾ ਕੋਈ ਨਾ ਚੱਲਿਆ ਏ।
ਔਰੰਗਜ਼ੇਬ ਤੋਂ ਮੰਗੀਆਂ ਹੋਰ ਫ਼ੌਜਾਂ, ਹਾਲ ਲਿਖ ਦਿੱਲੀ ਨੂੰ ਘੱਲਿਆ ਏ।
ਹਰਚੰਦ ਸਿੰਘਾ ਬੰਦ ਖ਼ਰਾਜ ਹੋਈ, ਹਰ ਰਾਹ ਸਿੱਖਾਂ ਨੇ ਮੱਲਿਆ ਏ॥

### ਔਰੰਗਜ਼ੇਬ ਨੇ ਸਾਹਜ਼ਾਦੇ ਮੁਅੱਜ਼ਿਮ ਨੂੰ ਪੰਜਾਬ ਭੇਜਣਾ

101 ਸੁਣ ਖਬਰਾਂ ਮਾੜੀਆਂ ਬਾਦਸ਼ਾਹ ਨੇ, ਮਨ ਆਪਣੇ ਬੈਠ ਵਿਚਾਰ ਕੀਤਾ।
ਵੱਡੇ ਪੁੱਤ ਮੁਅੱਜ਼ਿਮ ਨੂੰ ਫ਼ੌਜ ਦੇ ਕੇ, ਪੰਜਾਬ ਜਾਣ ਲਈ ਉਸ ਤਿਆਰ ਕੀਤਾ।
ਵਸੂਲ ਮਾਮਲਾ ਜਾ ਕੇ ਰਾਜਿਆਂ ਤੋਂ, ਸੀਸ ਲਾਹ ਦਈਂ ਜਿਸ ਇਨਕਾਰ ਕੀਤਾ।
ਗੋਬਿੰਦ ਰਾਇ ਨੂੰ ਕਰੀ ਫਨ੍ਹਾ ਜਾ ਕੇ, ਹਰਚੰਦ ਸਿੰਘਾ ਸਾਨੂੰ ਲਾਚਾਰ ਕੀਤਾ॥
102 ਮੁਅੱਜ਼ਿਮ ਚੜ੍ਹਿਆ ਜੋੜ ਕੇ ਦਲ ਭਾਰੀ, ਨਾਲ ਲੈ ਕੇ ਜੰਗੀ ਸਾਮਾਨ ਸਾਰਾ।
ਵਿੱਚ ਮੀਲਾਂ ਦੇ ਗਰਦ-ਗੁਬਾਰ ਹੋਇਆ, ਜਾਪੇ ਤੁਰਿਆ ਹਿੰਦੁਸਤਾਨ ਸਾਰਾ।
ਨੰਦ ਲਾਲ ਵਿਦਵਾਨ ਸੀ ਨਾਲ ਉਸਦੇ, ਦੇਂਦਾ ਉਸਨੂੰ ਉਹੋ ਗਿਆਨ ਸਾਰਾ।
ਹਰਚੰਦ ਸਿੰਘਾ ਕਵੀ ਮਹਾਨ ਹੈ ਸੀ, ਕੁਰਾਨ ਸ਼ਰੀਫ ਦਾ ਕਰੇ ਬਿਆਨ ਸਾਰਾ॥

### ਨੰਦ ਲਾਲ ਦਾ ਸ਼ਹਿਜ਼ਾਦੇ ਤੇ ਅਸਰ

103 ਨੰਦ ਲਾਲ ਜੀ ਮਹਿਮਾਂ ਗੁਰੂਆਂ ਦੀ, ਸਹਿਜ਼ਾਦੇ ਨੂੰ ਨਿੱਤ ਸੁਣਾਂਵਦਾ ਏ।
ਗੁਰੂ ਨਾਨਕ ਤੋਂ ਗੁਰੂ ਗੋਬਿੰਦ (ਸਿੰਘ) ਤਾਈਂ, ਹੱਕ-ਸੱਚ ਦੇ ਭਗਤ ਸਦਾਂਵਦਾ ਏ।
ਭਲਾ ਮੰਗਦੇ ਸਾਰੀ ਦੁਨੀਆਂ ਦਾ, ਰਾਜ ਭਾਗ ਨਾ ਇਨ੍ਹਾਂ ਨੂੰ ਭਾਂਵਦਾ ਏ।
ਹਰਚੰਦ ਸਿੰਘਾ ਰੂਪ ਇਹ ਰੱਬ ਦਾ ਨੇ, ਜੋ ਮੰਗੇ ਮੁਰਾਦਾਂ ਪਾਂਵਦਾ ਏ॥
104 ਭੀਮ ਚੰਦ ਨੇ ਸਮਝਿਆ ਸਾਹਿਜ਼ਾਦਾ, ਅਨੰਦਪੁਰ ਤੇ ਟੁੱਟ ਕੇ ਪਏਗਾ ਜੀ।
ਗੋਬਿੰਦ ਰਾਇ ਨੇ ਮਾਰਿਆ ਮੁਗਲਾਂ ਨੂੰ, ਉਹੋ ਗਿਣ ਕੇ ਬਦਲੇ ਲਏਗਾ ਜੀ।
ਵੱਢ-ਵੱਢ ਕੇ ਸਿੱਖਾਂ ਦੇ ਕਰੂ ਟੋਟੇ, ਅਨੰਦਪੁਰ ਨਾ ਸਾਬਤ ਰਹੇਗਾ ਜੀ।
ਹਰਚੰਦ ਸਿੰਘਾ ਦਿਆਂਗੇ ਸਾਥ ਉਸਦਾ, ਜਦੋਂ ਸਾਨੂੰ ਆਣਕੇ ਕਹੇਗਾ ਜੀ॥

### ਸਹਿਜ਼ਾਦੇ ਦੀ ਪਹਾੜੀ ਰਾਜਿਆਂ ਨੂੰ ਤਾੜਨਾ

105 ਮੁਅੱਜ਼ਿਮ ਸ਼ਾਹ ਨੇ ਕਿਹਾ ਰਾਜਿਆਂ ਨੂੰ, ਲਹੌਰ ਲੈ ਕੇ ਮਾਮਲਾ ਆ ਜਾਓ।
ਜਿੰਨੇ ਸਾਲਾਂ ਦਾ ਜਿਸ ਨੇ ਤਾਰਿਆ ਨਹੀਂ, ਆਪੇ ਆਣ ਖ਼ਜ਼ਾਨੇ ਪਾ ਜਾਓ।
ਦਸ ਦਿਨਾਂ ਦਾ ਸਮਾਂ ਹੈ ਸਾਰਿਆਂ ਨੂੰ, ਲੇਖੇ ਆਪਣੇ ਸਾਫ਼ ਕਰਾ ਜਾਓ।
ਹਰਚੰਦ ਸਿੰਘਾ ਜੀਣਾ ਜੇ ਜੱਗ ਉੱਤੇ, ਭੁੱਲਾਂ ਆਪਣੀਆਂ ਆਣ ਬਖ਼ਸ਼ਾ ਜਾਓ।

### ਪਹਾੜੀਆਂ ਨੂੰ ਭਾਜੜਾਂ

106 ਪਈਆਂ ਭਾਜੜਾਂ ਸੁਣ ਕੇ ਰਾਜਿਆਂ ਨੂੰ, ਮੂੰਹ ਉਤਰੇ ਤੇ ਸਹਿਮ ਛਾਇਆ ਏ।
ਦੇਸ ਆਪਣਾ ਹੁਕਮ ਵਿਦੇਸ਼ੀਆਂ ਦਾ, ਫੰਦਾ ਗਲ ਗੁਲਾਮੀ ਦਾ ਪਾਇਆ ਏ।
ਜਿਸ ਗੁਰੂ ਨੇ ਰੱਖਿਆ ਕਰਨੀ ਸੀ, ਵੈਰ ਉਸਦੇ ਨਾਲ ਵਧਾਇਆ ਏ।
ਹਰਚੰਦ ਸਿੰਘਾ ਅਕਲੋਂ ਖਾਲੀਆਂ ਨੂੰ, ਚੇਤਾ ਮੁੜ ਦਸਮੇਸ਼ ਦਾ ਆਇਆ ਏ॥
107 ਭੀਮ ਚੰਦ ਨੇ ਚੱਲੀਆਂ ਬਹੁਤ ਚਾਲਾਂ, ਨੰਦ ਲਾਲ ਨੇ ਪੇਸ਼ ਨਾ ਜਾਣ ਦਿੱਤੀ।
ਅਰਜ਼ਾਂ ਕੀਤੀਆਂ ਮੁਅੱਜ਼ਿਮ ਨੂੰ ਮਿਲਣ ਦੀਆਂ, ਭੇਟਾ ਕੋਈ ਵੀ ਕੋਲ ਨਾ ਆਣ ਦਿੱਤੀ।
ਤਾਰੋ ਮਾਮਲਾ ਆਪਣੇ ਰਾਹ ਫੜੋ, ਲੂਤੀ ਕੋਈ ਨਾ ਉਸਨੂੰ ਲਾਣ ਦਿੱਤੀ।
ਹਰਚੰਦ ਸਿੰਘਾ ਉਸ ਅਨੰਦਪੁਰ ਨੂੰ, ਭੋਰਾ ਭਰ ਵੀ ਆਂਚ ਨਾ ਆਣ ਦਿੱਤੀ॥
108 ਹੂੰਝਾ ਫੇਰ ਪਹਾੜੀ ਰਾਜਿਆਂ ਨੂੰ, ਰਹਿੰਦਾ ਮਾਮਲਾ ਸਭ ਉਗਰਾਇਆ ਏ।
ਨੰਦ ਲਾਲ ਨੇ ਜੁਗਤ ਤੋਂ ਕੰਮ ਲਿਆ, ਕਤਰਾ ਖ਼ੂਨ ਦਾ ਨਹੀਂ ਬਹਾਇਆ ਏ।
ਅਨੰਦਪੁਰ ਨੂੰ ਰਾਜਾਂ ਤੋਂ ਰੱਖ ਪਾਸੇ, ਸਤਿਗੁਰ ਨਾਲ ਨਾ ਝਗੜਾ ਪਾਇਆ ਏ।
ਹਰਚੰਦ ਸਿੰਘਾ ਸੱਪ ਵੀ ਮਾਰ ਲਿਆ, ਕਤਰਾ ਖ਼ੂਨ ਨਾ ਸੋਟੀ ਨੂੰ ਲਾਇਆ ਏ॥

### ਭੀਮ ਚੰਦ ਨੂੰ ਝਾੜਾਂ

109 ਭੀਮ ਚੰਦ ਨੂੰ ਸੱਦ ਕੇ ਕੋਲ ਆਪਣੇ, ਝਾੜਾਂ ਬਹੁਤ ਮੁਅੱਜ਼ਿਮ ਨੇ ਪਾਈਆਂ ਨੇ।
ਚੱਕ-ਧਰ ਤੋਂ ਭੀਮ ਚੰਦ ਬਾਜ ਆਜਾ, ਤੈਂ ਛੇੜੀਆਂ ਬਹੁਤ ਲੜਾਈਆਂ ਨੇ।
ਬੰਦਾ ਬਣਜਾ ਛੱਡ ਵਿਹਾਰ ਮਾੜੇ, ਸਾਨੂੰ ਬਹੁਤ ਸ਼ਕਾਇਤਾਂ ਆਈਆਂ ਨੇ।
ਹਰਚੰਦ ਸਿੰਘਾ ਅੱਗੇ ਬਖਸ਼ਣਾ ਨਹੀਂ, ਪਿੱਛੇ ਕੀਤੀਆਂ ਅਸੀਂ ਭੁਲਾਈਆਂ ਨੇ॥

### ਨੰਦ ਲਾਲ ਜੀ ਨੇ ਅਨੰਦਪੁਰ ਆਉਣਾ

110 ਨੰਦ ਲਾਲ ਨੇ ਸਹਿਜ਼ਾਦੇ ਨੂੰ ਅਰਜ਼ ਕੀਤੀ, ਹੁਕਮ ਹੋਏ ਤੇ ਅਨੰਦਪੁਰ ਜਾ ਆਵਾਂ।
ਭਾਗਾਂ ਨਾਲ ਹੈ ਆਉਣਾ ਨਸੀਬ ਹੋਇਆ, ਗੁਰੂ ਸਾਹਿਬ ਦੇ ਦਰਸ਼ਨ ਪਾ ਆਵਾਂ।
ਬਾਦਸ਼ਾਹੀ ਹੋਏ ਨਸੀਬ ਸੋਨੂੰ, ਸ਼ਹਿਨਸ਼ਾਹ ਤੋਂ ਮੈਂ ਬਖ਼ਸ਼ਾਅ ਆਵਾਂ।
ਹਰਚੰਦ ਸਿੰਘਾ ਤੇਰੀਆਂ ਸੱਤ ਖੈਰਾਂ, ਤੇਰੇ ਲੇਖਾਂ ਦਾ ਦੀਪ ਜਗਾਅ ਆਵਾਂ॥
111 ਮੁਅੱਜ਼ਿਮ ਸ਼ਾਹ ਨੇ ਖੁਸ਼ੀ ਦੇ ਨਾਲ ਕਿਹਾ, ਜਾਓ ਦਿਵਾਨ ਜੀ ਤੁਸੀਂ ਜਾ ਆਓ।
ਮਾਇਆ ਲੈ ਜੋ ਜਿੰਨੀ ਦਿਲ ਕਰਦਾ, ਨਾਨਕ ਪੀਰ ਦੇ ਦਰ ਚੜ੍ਹਾ ਆਓ।
ਮੇਰੀ ਪੀਰ ਨੂੰ ਦੁਆ-ਸਲਾਮ ਕਰਨੀ, ਹੱਥ ਦੋਸਤੀ ਵਾਲਾ ਵਧਾਅ ਆਓ।
ਹਰਚੰਦ ਸਿੰਘਾ ਪੀਰ ਦੇ ਚਰਨਾਂ ਤੇ, ਜਾ ਕੇ ਮੇਰੀ ਵੀ ਹਾਜ਼ਰੀ ਲਾ ਆਓ॥

### ਨੰਦ ਲਾਲ ਜੀ ਦੀ ਮੁਸ਼ਕਲ

112 ਨੰਦ ਲਾਲ ਜੀ ਕਾਬੁਲ ਦੇ ਵਿੱਚ ਜਨਮੇ, ਅਰਬੀ-ਫ਼ਾਰਸੀ ਪੜ੍ਹ ਵਿਦਵਾਨ ਹੋਏ।
ਮੁਲਤਾਨ ਛੱਡ ਕੇ ਇਸਤਰੀ ਬੱਚਿਆਂ ਨੂੰ, ਦਿੱਲੀ ਰਾਜ ਦੇ ਨੌਕਰ ਆਨ ਹੋਏ।
ਕੋਈ ਸ਼ਾਇਰ ਨਾ ਇਨ੍ਹਾਂ ਦੇ ਤੁੱਲ ਹੈ ਸੀ, ਇਨ੍ਹਾਂ ਜਿਹਾ ਨਾ ਪੜ੍ਹ ਕੁਰਾਨ ਹੋਏ।
ਹਰਚੰਦ ਸਿੰਘਾ ਔਰੰਗਜ਼ੇਬ ਦੀ ਨਜ਼ਰ ਚੜ੍ਹ ਗਏ, ਪੀਰ ਮੁਨਸ਼ੀ ਆਪ ਪ੍ਰਵਾਨ ਹੋਏ॥
113 ਅਕਲ ਵਿੱਦਿਆ ਵੇਖ ਕੇ, ਬਾਦਸ਼ਾਹ ਨੇ, ਨੰਦ ਲਾਲ ਨੂੰ ਕੰਮ ਸਮਝਾਇਆ ਏ।
ਸਹਿਜ਼ਾਦੇ ਮੁਅੱਜ਼ਿਮ ਨੂੰ ਦੇਹ ਸਿਖਸ਼ਾ, ਸਲਾਹਕਾਰ ਸੀ ਉਸਦਾ ਲਾਇਆ ਏ।
ਰਾਜਨੀਤੀ, ਇਨਸਾਫ ਤੇ ਨੇਕ ਨੀਤੀ, ਲੋਕ-ਭਲਾਈ ਦਾ ਸਬਕ ਸਿਖਾਇਆ ਏ।
ਹਰਚੰਦ ਸਿੰਘਾ ਮਜਹਬ ਦੀ ਮੈਲ ਲਾਹ ਕੇ, ਇਕ ਨੇਕ ਇਨਸਾਨ ਬਣਾਇਆ ਏ॥
114 ਉਸ ਵੇਲੇ ਦਿਵਾਨਿ-ਖਾਸ ਅੰਦਰ, ਇਕ ਮੌਲਵੀ ਉੱਚ ਅਖਾਂਵਦਾ ਜੀ।
ਕੁਰਾਨ ਸ਼ਰੀਫ਼ ਦੇ ਉਹੋ ਅਰਥ ਕਰਕੇ, ਬਾਦਸ਼ਾਹ ਦੇ ਤਾਈਂ ਸੁਣਾਂਵਦਾ ਜੀ।
ਔਰੰਗਜ਼ੇਬ ਨੂੰ ਉਸਦੇ ਕਥਨ ਉੱਤੇ, ਪੂਰੇ ਤੌਰ ਤੇ ਸੱਚ ਨਾ ਆਂਵਦਾ ਜੀ।
ਹਰਚੰਦ ਸਿੰਘਾ ਨੰਦ ਲਾਲ ਨੇ ਅਰਥ ਕੀਤੇ, ਰਾਜਾ ਉਸਦੇ ਸਦਕੇ ਜਾਂਵਦਾ ਜੀ॥

### ਮੌਲਵੀ ਦੀ ਸਾਜਿਸ਼

115 ਇਹ ਸੁਣ ਕੇ ਮੌਲਵੀ ਤੜਫ਼ ਉਠੇ, ਇਸ ਸਾਡੀ ਨਿਰਾਦਰੀ ਕੀਤੀ ਏ।
ਇਸ ਕਾਫ਼ਰ ਨੇ ਭਰੇ ਦਰਵਾਰ ਅੰਦਰ, ਅੱਜ ਸਾਡੀ ਬਰਾਬਰੀ ਕੀਤੀ ਏ।
ਸਜ਼ਾ ਇਸਨੂੰ ਦਿਆਂਗੇ ਯਾਦ ਰੱਖੂ, ਬਦਨਾਮ ਸਾਡੀ ਬਰਾਦਰੀ ਕੀਤੀ ਏ।
ਹਰਚੰਦ ਸਿੰਘਾ ਬਣੂਗੀ ਮੌਤ ਇਸਦੀ, ਜਿਹੜੀ ਇਨ੍ਹੇ ਬਹਾਦਰੀ ਕੀਤੀ ਏ॥
116 ਔਰੰਗਜ਼ੇਬ ਨੇ ਹੁੱਬ ਐਲਾਨ ਕੀਤਾ, ਨੰਦ ਲਾਲ ਨੂੰ ਅਸਾਂ ਇਨਾਮ ਦੇਣਾ।
ਕਹਿੰਦਾ ਮੌਲਵੀ ਇਸ ਦੇ ਨਾਲ ਇਸਨੂੰ, ਮੇਰੇ ਸ਼ਹਿਨਸ਼ਾਹ ਆਪਣਾ ਨਾਮ ਦੇਣਾ।
ਮੱਥਾ ਰਗੜਦਾ ਬੁੱਤਾਂ ਦੇ ਨਾਲ ਜਾ ਕੇ, ਧਨ-ਦੌਲਤ ਦੇ ਨਾਲ ਇਸਲਾਮ ਦੇਣਾ।
ਹਰਚੰਦ ਸਿੰਘਾ ਕੁਰਾਨ ਦੇ ਲੜ ਲਾ ਕੇ, ਸੁੱਖ ਜੀਣ ਦੇ ਇਹਨੂੰ ਤਮਾਮ ਦੇਣਾ॥
117 ਜ਼ਹਿਰੀ ਜੀਭ ਦੇ ਨਾਲ ਸੀ ਮੌਲਵੀ ਨੇ, ਝੱਟ ਸੁੱਤੀ ਕਲਾ ਜਗਾਅ ਦਿੱਤੀ।
ਮੋਮਨ-ਕਾਫ਼ਰਾਂ ਦੀ ਸੀਨੇ ਬਾਦਸ਼ਾਹ ਦੇ, ਫੂਕ ਮਾਰ ਕੇ ਅੱਗ ਭੜਕਾਅ ਦਿੱਤੀ।
ਖੁਸ਼ੀ ਹੋਈ ਸੀ ਜਿਹੜੀ ਬਾਦਸ਼ਾਹ ਨੂੰ, ਟੂਣੇ ਹਾਰਿਆਂ ਪਲ ਵਿਚ ਲਾਹ ਦਿੱਤੀ।
ਹਰਚੰਦ ਸਿੰਘਾ ਸਿਰ ਘੁਮਾਅ ਦਿੱਤਾ, ਕਿਰਲੀ ਸੱਪ ਦੇ ਮੂੰਹ ਵਿਚ ਪਾ ਦਿੱਤੀ॥
118 ਨੰਦ ਲਾਲ ਨੂੰ ਔਰੰਗਜ਼ੇਬ ਕਹਿੰਦਾ, ਖਲੀਫ਼ਾ ਬਣਕੇ ਬੰਦਾ ਮਹਾਨ ਹੋ ਜਾ।
ਵਿਦਵਾਨ ਤੂੰ ਕੁਰਾਨ ਸ਼ਰੀਫ਼ ਦਾ ਏ, ਇਸਲਾਮ ਧਾਰ ਕੇ ਮੁਸਲਮਾਨ ਹੋ ਜਾ।
ਸੂਬੇਦਾਰੀ ਮੁਲਤਾਨ ਦੀ ਦਿਆਂ ਤੈਨੂੰ, ਰਾਜ ਕਰ ਤੇ ਹੁਕਮਰਾਨ ਹੋ ਜਾ।
ਹਰਚੰਦ ਸਿੰਘਾ ਸੋਚ ਲੈ ਘਰ ਜਾਕੇ, ਸੂਬੇਦਾਰ ਜਾਂ ਰਾਖ-ਏ-ਸ਼ਮਸ਼ਾਨ ਹੋ ਜਾ॥
119 ਨੰਦ ਲਾਲ ਜੀ ਸੋਚਦੇ ਘਰ ਜਾ ਕੇ, ਦੀਨ ਬਦਲ ਕੇ ਵੀ ਮਰ ਜਾਵਨਾ ਏ।
ਮੁਸਲਮਾਨ ਵੀ ਨਿੱਤ ਨੇ ਫ਼ੋਤ ਹੁੰਦੇ, ਦਾਗ਼ ਧਰਮ ਨੂੰ ਫਿਰ ਕਿਉਂ ਲਾਵਣਾ ਏ।
ਔਰੰਗਜ਼ੇਬ ਤੋਂ ਬਚਣਾ ਅੱਤ-ਔਖਾ, ਤਸੀਹੇ ਦੇ ਕੇ ਮਾਰ ਮੁਕਾਵਨਾ ਏ।
ਹਰਚੰਦ ਸਿੰਘਾ ਚੱਲ ਅਨੰਦਪੁਰ ਨੂੰ, ਸਤਿਗੁਰਾਂ ਹੀ ਹੁਣ ਬਚਾਵਨਾ ਏ॥

### ਕਵੀਓ ਵਾਚ

120 ਕੀਤੀ ਜ਼ੋਰ ਅਜ਼ਮਾਈ ਮੁਗਲਾਂ ਨੇ, ਪਹਾੜੀ ਰਾਜਿਆਂ ਕੀਤੇ ਸੀ ਵਾਰ ਆ ਕੇ।
ਹਰ ਵਾਰੀ ਗੁਰਾਂ ਦੀ ਜਿੱਤ ਹੋਈ, ਪਿੱਛੇ ਮੁੜ ਗਏ ਉਹੋ ਸੀ ਮਾਰ ਖਾ ਕੇ।
ਅਨੰਦਪੁਰ ਨੂੰ ਹੋਰ ਮਜਬੂਤ ਕੀਤਾ, ਕਿਲ੍ਹੇ ਬਹਿ ਗਏ ਗੁਰੂ ਜੀ ਪੰਜ ਪਾ ਕੇ।
ਹਰਚੰਦ ਸਿੰਘਾ ਆਏ ਦੇ ਦੰਦ ਭੰਨੇ, ਹਮਲਾ ਕੀਤਾ ਨਾ ਕਿਸੇ ਤੇ ਆਪ ਜਾ ਕੇ॥
121 ਸਹਿਜ਼ਾਦਾ ਮੁਅੱਜ਼ਿਮ ਦੇ ਜਾਣ ਮਗਰੋਂ, ਇਕ ਵਾਰ ਤੇ ਅਮਨ-ਅਮਾਨ ਹੋਇਆ।
ਬਹਿਗੇ ਸਹਿਮ ਕੇ ਰਾਜੇ ਨਵਾਬ ਸਾਰੇ, ਜੀਣਾ ਸਭ ਦਾ ਅੰਤ ਆਸਾਨ ਹੋਇਆ।
ਸਿੱਖ ਸੰਗਤਾਂ ਆਉਂਦੀਆਂ ਦਰਸ਼ਨਾਂ ਨੂੰ, ਇਕੱਠਾ ਬਹੁਤ ਸੀ ਦਾਨ-ਸਮਾਨ ਹੋਇਆ।
ਹਰਚੰਦ ਸਿੰਘਾ ਸਿੱਖੀ ਸੁਧਾਰ ਵੱਲ, ਦਸਮ ਪਿਤਾ ਦਾ ਫਿਰ ਧਿਆਨ ਹੋਇਆ॥
122 ਗੁਰਾਂ ਵੇਖਿਆ ਜਾਤਾਂ ਤੇ ਧਰਮ ਬਾਹਲੇ, ਵਿੱਚ ਲੋਕਾਂ ਦੇ ਵੰਡੀਆਂ ਪਾਈਆਂ ਨੇ।
ਉਚ-ਨੀਚ ਦਾ ਹਰ ਥਾਂ ਬੋਲ-ਬਾਲਾ, ਅੱਡ ਕੀਤਾ ਭਾਈਆਂ ਨੂੰ ਭਾਈਆਂ ਨੇ।
ਵੱਖ ਰੂਪ ਤੇ ਵੱਖ ਲਿਬਾਸ ਕੀਤੇ, ਜਾਤਾਂ ਨੀਵੀਆਂ ਦੂਰ ਬਹਾਈਆਂ ਨੇ।
ਹਰਚੰਦ ਸਿੰਘਾ ਇਕੋ ਦਾ ਨੂਰ ਸਾਰੇ, ਕਿਹੜੀ ਗੱਲ ਤੋਂ ਵੱਟਾਂ ਬਣਾਈਆਂ ਨੇ॥

*(ਬਾਕੀ ਅਗਲੇ ਅੰਕ ਵਿਚ )*

48 YEARS OF EXCELLENCE
1973 THE LINK GROUP 2021
PUNJAB LINK
ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)

PUNJAB LINK SALES TEAM


Rakesh Puri
604-377-4085


Lalit (Nitu)
604-339-1599


Amarjit Singh
778-908-0523


Arya Bhalla
778-788-2429


Hardam S. Maan
604-308-6663


Shashi Madan
604-367-5611


Shirin Mitha
604-614-9165

www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7

ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਮਨੁੱਖਤਾ ਦੀ ਬਰਾਬਰੀ ਦਾ ਆਦਰਸ਼ ਹੈ ਵਿਸਾਖੀ



ਵਿਸਾਖੀ ਦਾ ਤਿਉਹਾਰ ਭਾਰਤੀ ਇਤਹਾਸ ਵਿੱਚ ਵਿਸ਼ੇਸ਼ ਮਹੱਤਤਾ ਰੱਖਦਾ ਹੈ। ਵਿਸ਼ੇਸ਼ ਕਰਕੇ ਸਿੱਖ ਇਤਿਹਾਸ ਵਿੱਚ ਤਾਂ ਵਿਸਾਖੀ ਨੂੰ ਨਵ-ਜਾਗ੍ਰਿਤੀ ਦਾ ਦਿਵਸ ਸਵੀਕਾਰ ਕੀਤਾ ਗਿਆ ਹੈ। ਇਸ ਪਾਵਨ ਦਿਹਾੜੇ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਸ਼ੁਰੂ ਹੋਈ ਚਰਨ੍ਹ ਪਾਹੁਲ ਦੀ ਜਗ੍ਹਾ ਖੰਡੇ ਬਾਟੇ ਦੇ ਅੰਮ੍ਰਿਤ ਦਾ ਪ੍ਰਵਾਹ ਸ਼ੁਰੂ ਹੋਇਆ। ਵਿਸਾਖੀ ਦਾ ਦਿਨ ਖਾਲਸਾ ਸਿਰਜਣਾ ਦਿਵਸ ਦੇ ਸਰੂਪ ਵਿੱਚ ਨੀਯਤ ਹੈ। ਖਾਲਸਾ ਪੰਥ ਦੀ ਸਿਰਜਣਾ ਦੇ ਦੌਰ ਦੀ ਗੱਲ ਕਰੀਏ ਤਾਂ ਪੂਰਾ ਸਮਾਜ ਆਮ ਤੇ ਖਾਸ, ਵਰਣਾਂ, ਜਾਤੀਆਂ, ਧਰਮਾਂ, ਬਾਰਾਦਰੀਆਂ ਵਿੱਚ ਵੰਡਿਆ ਹੋਇਆ ਸੀ, ਅੱਜ ਵੀ ਹੈ। ਇੱਥੇ ਮਨੁੱਖ ਦੀ ਪਛਾਣ ਉਸਦੇ ਮਜ਼ਹਬ ਅਤੇ ਜਾਤੀ ਦੇ ਅਧਾਰ ਤੇ ਹੁੰਦੀ ਰਹੀ ਹੈ। ਜਦ ਤੱਕ ਅਸੀ ਬੰਦੇ ਦੀ ਜਾਤੀ ਨਾ ਪਤਾ ਕਰ ਲਈਏ, ਸਾਨੂੰ ਉਸਨੂੰ ਜਾਣਨਾ ਅਧੂਰਾ ਲੱਗਦਾ ਰਹਿੰਦਾ ਹੈ। ਇਸ ਤੋਂ ਵੀ ਵੱਡਾ ਦੁਖਾਂਤ ਇਹ ਹੈ ਕਿ ਇਸੇ ਅਧਾਰ ਤੇ ਅਸੀਂ ਫ਼ੈਸਲਾ ਕਰਦੇ ਹਾਂ ਕਿ ਇਸ ਬੰਦੇ ਨਾਲ ਸਾਡੇ ਸਬੰਧਾਂ ਦਾ ਮੂੰਹ ਮੁਹਾਂਦਰਾ ਕਿਹੋ ਜਿਹਾ ਹੋਵੇਗਾ। ਉਸਨੂੰ ਅਸੀਂ ਆਪਣੀ ਜਾਤੀ ਤੋਂ ਉੱਚਾ ਸਮਝਾਂਗੇ ਜਾਂ ਨੀਵਾਂ। ਉਹ ਸਾਡੇ ਨਾਲ ਇਕੋ ਮੰਜੇ ਤੇ ਬੈਠਣ ਦੇ ਕਾਬਿਲ ਹੈ ਜਾਂ ਨਹੀਂ, ਸਾਡੇ ਨਾਲ ਇਕੋ ਪੰਗਤ ਵਿੱਚ ਬਹਿ ਕੇ ਖਾਣਾ ਖਾ ਸਕਦਾ ਕਿ ਨਹੀਂ , ਸਾਡੇ ਨਾਲ ਉਸ ਦੀ ਕੋਈ ਰਿਸ਼ਤੇਦਾਰੀ ਬਣ ਸਕਦੀ ਕਿ ਨਹੀਂ। ਇਸ ਦੇਸ਼ ਵਿੱਚ ਜਾਤੀ ਪ੍ਰਥਾ ਦੇ ਨਤੀਜੇ ਵਜੋਂ ਮਨੁੱਖ ਜਿਹੜਾ ਮਨੁੱਖ ਬਣਿਆ ਉਹ ਗੈਰ ਬਰਾਬਰੀ ਦੀ ਮਾਨਸਿਕਤਾ ਲੈ ਕੇ ਹੀ ਬਣਿਆ। ਸਮਾਜ ਸ਼ਾਸ਼ਤਰੀ ਇਸ ਨੂੰ ਪੌੜੀ ਵਿਵਸਥਾ ਕਹਿੰਦੇ ਹਨ। ਇੱਕ ਵਰਗ ਸਭ ਤੋਂ ਉਤਲੀ ਪੌੜੀ ਤੇ ਖੜਾ ਹੈ, ਫਿਰ ਪੌੜੀ ਦਰ ਪੌੜੀ ਉਹ ਥੱਲੇ ਵੱਲ ਤੁਰਦਾ ਜਾਂਦਾ ਹੈ। ਕਿਸੇ ਨੂੰ ਨਹੀਂ ਪਤਾ ਕਿ ਸਭ ਤੋਂ ਅਖੀਰਲੀ ਪੌੜੀ ਕਿਹੜੀ ਹੈ। ਅਜਿਹੀ ਗੈਰ ਬਰਾਬਰੀ ਵਿੱਚ ਇੱਕ ਵਰਗ ਦੂਸਰੇ ਵਰਗ ਦੀ ਅਧੀਨਤਾ ਅਤੇ ਤਾਨਾਸ਼ਾਹੀ ਰੂਪ ਨੂੰ ਸਹਾਰਦਾ ਆਇਆ ਹੈ। ਮਨੁੱਖੀ ਗੈਰ ਬਰਾਬਰੀ ਦੀ ਮਾਨਤਾ ਪੂਰੀ ਦੁਨੀਆਂ ਵਿੱਚ ਛਾਈ ਹੋਈ ਹੈ। ਪਰ ਗੁਰੂ ਨਾਨਕ ਦੇਵ ਜੀ ਨੇ ਇੱਕ ਅਜਿਹਾ ਰੱਬੀ ਮਿਸ਼ਨ ਚਲਾਇਆ ਜਿਸ ਵਿੱਚ ਸਿੱਖ ਧਰਮ ਦੇ ਪੈਗੰਬਰ ਨਿਮਾਣਿਆਂ ਦੇ ਮਾਣ ਤੇ ਨਿਤਾਣਿਆਂ ਦੇ ਤਾਣ ਬਣੇ। ਸਭ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਨੇ ਨੀਚ ਤੇ ਸ਼ੂਦਰ ਅਖਵਾਉਣ ਵਾਲਿਆਂ ਨੂੰ ਗਲ ਨਾਲ ਲਾਇਆ ਅਤੇ ਕਿਹਾ—



ਹਰਕੀਰਤ ਕੌਰ
9779118066

**'ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥**
**ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥**
ਨਾਲ ਹੀ ਕਿਹਾ—
**ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ ॥**

ਭਾਵ ਕਿ ਪਰਮਾਤਮਾ ਦੀ ਬਖਸ਼ਿਸ਼ ਦੀ ਦ੍ਰਿਸ਼ਟੀ ਉੱਥੇ ਪੈਂਦੀ ਹੈ , ਜਿੱਥੇ ਨੀਚ ਸਮਝੇ ਜਾਣ ਵਾਲੇ ਲੋਕਾਂ ਨੂੰ ਸੰਭਾਲਿਆ ਜਾਂਦਾ ਹੈ। ਦਸਮ ਪਾਤਸ਼ਾਹ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 1699 ਦੀ ਵਿਸਾਖੀ ਨੂੰ ਖਾਲਸਾ ਪੰਥ ਪ੍ਰਗਟ ਕਰ ਗੁਰੂ ਨਾਨਕ ਦੇਵ ਜੀ ਵੱਲੋਂ ਆਰੰਭੇ ਮਿਸ਼ਨ ਨੂੰ ਸੰਪੂਰਨਤਾ ਬਖਸ਼ੀ। ਜਿਸ ਸਚਿਆਰ ਅਥਵਾ ਗੁਰਮੁਖ ਦੀ ਘਾੜਤ, ਸ਼ਬਦ ਦੀ ਸੱਚੀ ਟਕਸਾਲ ਵਿੱਚ ਬਾਬੇ ਨੇ ਘੜੀ, ਜਿਸ ਨੂੰ ਨੌ ਗੁਰੂ ਸਹਿਬਾਨਾਂ ਨੇ ਸਜਾਇਆ, ਸਵਾਰਿਆ ਅਤੇ ਸ਼ਿੰਗਾਰਿਆ , ਦਸਮ ਪਾਤਸ਼ਾਹ ਨੇ ਉਸ ਆਦਰਸ਼ਕ ਮਨੁੱਖ ਦੀ ਅਗੰਮੀ ਪ੍ਰੀਖਿਆ ਲੈਣ ਉਪਰੰਤ ਉਸਨੂੰ ਖਾਲਸਾ ਦੇ ਨਾਅ ਤੇ ਪਦਵੀ ਨਾਲ ਸ਼ੁਸ਼ੋਭਿਤ ਕੀਤਾ। ਗੁਰੂ ਗੋਬਿੰਦ ਸਿੰਘ ਜੀ ਨੇ ਜਿਹੜੇ ਪੰਜ ਬੰਦਿਆਂ ਨੂੰ ਅੰਮ੍ਰਿਤ ਛਕਾਇਆ, ਉਹਨਾਂ ਵਿੱਚੋਂ ਚਾਰ ਸ਼ੂਦਰ ਸਮਝੇ ਜਾਂਦੇ ਸਨ। ਪਹਾੜੀ ਰਾਜਪੂਤ ਰਾਜੇ ਗੁਰੂ ਗੋਬਿੰਦ ਸਿੰਘ ਨਾਲ ਖਾਰ ਇਸ ਕਰਕੇ ਖਾਂਦੇ ਸਨ ਕਿਉਂਕਿ ਗੁਰੂ ਸਾਹਿਬ ਅਤੇ ਰਾਜਪੂਤਾਂ ਦੇ ਵਿਚਾਰਾਂ ਵਿੱਚ ਇੱਕ ਬੁਨਿਆਦੀ ਫ਼ਰਕ ਸੀ। ਗੁਰੂ ਗੋਬਿੰਦ ਸਿੰਘ ਜੀ ਮਨੁੱਖੀ ਬਰਾਬਰੀ ਦੇ ਅਲੰਬਰਦਾਰ ਸਨ। ਉਹਨਾਂ ਦੇ ਸਿੱਖਾਂ ਵਿੱਚ ਬਹੁ ਗਿਣਤੀ ਉਨ੍ਹਾਂ ਦੀ ਸੀ, ਜਿਨਾ ਨੂੰ ਰਾਜਪੂਤ, ਰਾਜੇ ਜਾਂ ਮੁਗਲ ਸ਼ੂਦਰ ਅਤੇ ਨੀਵੀਂ ਜਾਤੀ ਵਾਲੇ ਸਮਝ ਕੇ ਧੁਤਕਾਰਦੇ ਸਨ, ਆਪਣੇ ਨੇੜੇ ਨਹੀਂ ਸਨ ਲੱਗਣ ਦਿੰਦੇ। ਗੁਰੂ ਗੋਬਿੰਦ ਸਿੰਘ ਜੀ ਦੀ ਫ਼ੌਜ ਸੀ, ਉਸ ਵਿੱਚ ਉਹਨਾਂ ਲੋਕਾਂ ਦੀ ਗਿਣਤੀ ਜਿਆਦਾ ਸੀ ਜਿੰਨਾ ਸਿੱਖ ਬਣਨ ਤੋਂ ਪਹਿਲਾਂ ਕਦੇ ਹੱਥ ਵਿੱਚ ਤਲਵਾਰ ਨਹੀਂ ਸੀ ਫੜੀ। ਮੁਗਲਾਂ ਤੇ ਰਾਜਿਆਂ ਨੇ ਕਦੇ ਨਹੀਂ ਸੀ ਸੋਚਿਆ ਕਿ ਨੀਵੀਂ ਜਾਤ ਦੇ ਸਮਝੇ ਜਾਣ ਵਾਲੇ ਸ਼ੂਦਰ ਲੋਕ ਕਦੇ ਤਲਵਾਰਾਂ ਫੜ ਉਹਨਾਂ ਦਾ ਮੁਕਾਬਲਾ ਕਰਨਗੇ। ਮਨੁੱਖੀ ਬਰਾਬਰੀ ਅਤੇ ਉਚ ਨੀਚ ਦੀ ਮਾਨਸਿਕਤਾ ਦਾ ਖੰਡਨ ਕਰਦੇ ਹੋਏ, ਗੁਰੂ ਗੋਬਿੰਦ ਸਿੰਘ ਨੇ ਸਾਰੇ ਸਿੱਖਾਂ ਨੂੰ ਇੱਕੋ ਬਾਟੇ ਵਿੱਚੋਂ ਅੰਮ੍ਰਿਤ ਛਕਾਇਆ।ਜੋ ਮਨੁੱਖਤਾ ਦੀ ਬਰਾਬਰਤਾ ਦਾ ਸਭ ਤੋਂ ਵੱਡਾ ਪ੍ਰਮਾਣ ਸੀ। ਸੰਸਾਰ ਵਿੱਚ ਸ਼ਾਇਦ ਹੀ ਕਿਸੇ ਧਾਰਮਿਕ ਆਗੂ ਨੇ ਆਪਣੇ ਅਨੁਯਾਈਆਂ ਪ੍ਰਤੀ ਏਨੀ ਨਿਮਰਤਾ ਤੇ ਸਤਿਕਾਰ ਪ੍ਰਗਟ ਕੀਤਾ ਹੋਵੇ। ਵਿਸਾਖੀ 'ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ' ਦਾ ਪ੍ਰਮਾਣ ਹੈ। ਪਰ ਅਜੋਕੇ ਹਾਲਾਤ ਵੇਖ ਕਈ ਵਾਰ ਮਹਿਸੂਸ ਹੁੰਦਾ ਹੈ ਕਿ ਅਸੀਂ ਆਪਣੇ ਆਦਰਸ਼ਾਂ ਤੋਂ ਭਟਕ ਰਹੇ ਹਾਂ। ਅੱਜ ਸਿੱਖ ਪ੍ਰੋਹਤਵਾਦ ਤੇ ਜਾਤ -ਪਾਤ ਦੇ ਬੰਧਨਾਂ ਵਿੱਚ ਫਸ ਰਿਹਾ ਹੈ। ਜਿਸ ਦੀ ਮਿਸਾਲ ਪਿੰਡਾਂ ਵਿੱਚ ਵੱਖਰੀਆਂ ਵੱਖਰੀਆਂ ਜਾਤਾਂ ਦੇ ਬਣੇ ਵੱਖਰੇ ਵੱਖਰੇ ਗੁਰੂਦੁਆਰੇ ਹਨ। ਜਿਸ ਖੰਡੇ ਬਾਟੇ ਦੇ ਅੰਮ੍ਰਿਤ, ਬਾਣੀ ਤੇ ਬਾਣੇ ਦੇ ਸੁਮੇਲ ਨੇ ਖਾਲਸੇ ਦਾ ਇਤਹਾਸ ਰਚਿਆ, ਅੱਜ ਗੁਰੂ ਦਸਵੇਂ ਪਾਤਸ਼ਾਹ ਵੱਲੋਂ ਬਖਸ਼ੀ ਰਹਿਤ ਨੂੰ ਪਿੱਠ ਦਿਖਾ ਦੇਹਧਾਰੀ, ਜਾਤ ਪਾਤ, ਵਹਿਮ ਭਰਮ ਤੇ ਨਸ਼ਿਆ ਦੇ ਜਾਲ ਵਿੱਚ ਫਸ ਪਤਿਤ ਹੋ ਰਿਹਾ ਹੈ। ਜਾਗਦੀ ਜਮੀਰ ਵਾਲੇ ਪੰਥਪ੍ਰਸਤ, ਨੇਕ ਤੇ ਸੂਝਵਾਨ ਸਿੱਖ ਇਸ ਅਧੋਗਤੀ ਅਤੇ ਨਿਰਾਸ਼ਤਾ ਵਿੱਚੋਂ ਖਾਲਸੇ ਨੂੰ ਕੱਢ ਸਿੱਖ ਸਿਧਾਂਤ, ਇਖਲਾਕ ਤੇ ਆਦਰਸ਼ ਨੂੰ ਮੁੜ ਉਜ਼ਾਗਰ ਕਰਨ ਲਈ ਦ੍ਰਿੜ ਸੰਕਲਪ ਲੈਣ, ਤਾਂ ਜੋ ਖਾਲਸਾ ਇੱਕ ਵਾਰ ਫਿਰ ਗੈਰ ਬਰਾਬਰਤਾ ਨੂੰ ਤਿਆਗ ਆਪਣੇ ਇਤਹਾਸਿਕ ਸਨਮਾਨ ਤੇ ਪ੍ਰਤਿਸ਼ਠਤਾ ਨੂੰ ਮੁੜ ਸੁਰਜੀਤ ਕਰ ਸਕੇ।

AMA CONCRETE
Commercial & Residential
• Placing Pumping & Finishing
• Foundation Floors
• Smooth Finishing
• Exposed Broom Finishing
• Stamped Concrete
ਜੇਕਰ ਤੁਸੀਂ ਡਰਾਈਵੇਅ ਪੁੱਟਣਾ ਚਾਹੁੰਦੇ ਹੋ, ਸਾਈਡ ਵਾਕ, ਕਰਬਜਾਂ ਕਿਸੇ ਵੀ ਤਰ੍ਹਾਂ ਦੀ ਕੰਕਰੀਟ ਨੂੰ ਕੱਟ ਕੇ ਰਿਮੂਵ ਕਰਦੇ ਹਾਂ
ਵਧੀਆ ਸਰਵਿਸ , ਵਾਜਿਬ ਰੇਟ ਅਤੇ ਮੁਫਤ ਐਸਟੀਮੇਟ ਲਈ ਫੋਨ ਕਰੋ
Sodhi: 604-518-4389 | Harjeet: 604-613-0472

METRO CONTRACTING LTD.
Excavation
Demolition
Sand & Gravel
Drain tikes
Back Fill
Trucking
Backhoe Service
Land Clearing
Hourly or Contract




Residential & Commercial
Gurvinder Sanghera: 604-729-1435
Email: gsanghera77@gmail.com



# ਕਲਾਸੀਫਾਈਡ ਅਤੇ ਮੈਟਰੀਮੋਨੀਅਲ

**ਸਿਰਫ $10 ਖਰਚਾ** **ਸੰਪਰਕ : ਹਰਦਮ ਸਿੰਘ ਮਾਨ : 604-308-6663**

## MATRIMONIALS

### ਲੜਕੀ ਦੀ ਲੋੜ

ਜੱਟ ਸਿੱਖ ਲੜਕਾ ਉਮਰ 26 ਸਾਲ ਕੱਦ 5'10", ਨਸ਼ਿਆਂ ਤੋਂ ਰਹਿਤ, BTECH(ਮਕੈਨੀਕਲ), ਲਈ ਕੈਨੇਡੀਅਨ ਸਿਟੀਜ਼ਨ ਜਾਂ ਪੀ.ਆਰ. ਲੜਕੀ ਦੀ ਲੋੜ ਹੈ। ਲੜਕਾ ਇੰਡੀਆ ਵਿੱਚ ਹੈ। ਲੜਕੇ ਕੋਲ ਇੰਡੀਆ ਵਿੱਚ 13 ਕਿੱਲੇ ਜ਼ਮੀਨ ਹੈ। ਲੜਕੇ ਦਾ ਪਰਿਵਾਰ ਕੈਨੇਡਾ ਵਿਚ ਵਧੀਆ ਸੈਟਲਡ ਹੈ। ਸੰਪਰਕ: 778-713-0015 ਜਾਂ ਇੰਡੀਆ: 98156-34151

ਜੱਟ ਸਿੱਖ ਕੈਨੇਡੀਅਨ ਪੀ ਆਰ , ਉਮਰ 27 ਸਾਲ, ਕੱਦ 6 ਫੁੱਟ, ਵੈਟਨਰੀ ਡਾਕਟਰ ਡਿਗਰੀ ਹੋਲਡਰ (B.Vse), ਨਸ਼ਾ ਰਹਿਤ, ਲੜਕੇ ਵਾਸਤੇ ਉੱਚ ਸਿਖਿਆ ਪ੍ਰਾਪਤ ਲੜਕੀ ਦੀ ਲੋੜ ਹੈ। ਲੜਕਾ 24 ਏਕੜ ਜ਼ਮੀਨ ਦਾ ਮਾਲਿਕ ਹੈ।ਮਾਲਵਾ ਖੇਤਰ ਨੂੰ ਪਹਿਲ। ਚਾਹਵਾਨ ਸੰਪਰਕ ਕਰੋ–ਫੋਨ ਨੰਬਰ 778-968-6874

apr25

ਕੈਨੇਡੀਅਨ ਪੀ.ਆਰ., ਉਮਰ 28 ਸਾਲ ਕੱਦ 5'11", ਵਾਸਤੇ ਸੋਹਣੀ ਸੁਨੱਖੀ ਲੜਕੀ ਦੀ ਲੋੜ ਹੈ। ਉਹ ਪਰਿਵਾਰ ਸੰਪਰਕ ਕਰਨ ਜੋ ਉਸ ਦੇ ਇੰਡੀਅਨ ਭਰਾ ਉਮਰ 32 ਸਾਲ ਕੱਦ 5'8" ਨੂੰ ਕਨੇਡੀਅਨ ਪੀ.ਆਰ ਲੜਕੀ ਦਾ ਰਿਸ਼ਤਾ ਕਰਵਾ ਸਕਣ।ਮਾਲਵੇ ਜ਼ਿਲੇ ਨੂੰ ਪਹਿਲ। ਸੰਪਰਕ– +91-8427380002 ਜਾਂ 604-771-2575

may01

ਜੱਟ ਸਿੱਖ, ਉਮਰ 26 ਸਾਲ, ਕੱਦ 5 ਫੁੱਟ 11 ਇੰਚ, ਬੀ ਏ, ਐਲ ਐਲ ਬੀ, ਆਇਲੈਟਸ ਚੋ 7 ਬੈਂਡ, ਜ਼ਮੀਨ–ਜਾਇਦਾਦ ਵਾਲੇ ਇੰਡੀਆ ਰਹਿੰਦੇ ਲੜਕੇ ਵਾਸਤੇ ਕੈਨੇਡੀਅਨ ਪੀ ਆਰ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਦਾ ਪਰਿਵਾਰ ਕੈਲਗਰੀ ਰਹਿੰਦਾ ਹੈ। ਚਾਹਵਾਨ ਸੰਪਰਕ ਕਰੋ– ਫੋਨ 587-892-2691, ਇੰਡੀਆ ਨੰਬਰ–98557-86891 (ਵੈਟਸਐਪ)

apr17

ਕੈਨੇਡੀਅਨ ਪੀ.ਆਰ., ਉਮਰ 27 ਸਾਲ ਕੱਦ 5'5", ਵਾਸਤੇ ਯੋਗ ਵਰ ਦੀ ਲੋੜ ਹੈ। ਉਹ ਪਰਿਵਾਰ ਸੰਪਰਕ ਕਰਨ ਜੋ ਉਸ ਦੇ ਇੰਡੀਅਨ ਭਰਾ ਉਮਰ 29 ਸਾਲ ਕੱਦ 6'0" ਨੂੰ ਕਨੇਡੀਅਨ ਪੀ.ਆਰ ਲੜਕੀ ਦਾ ਰਿਸ਼ਤਾ ਕਰਵਾ ਸਕਣ।। ਸੰਪਰਕ–604-761-7580 ਜਾਂ 604-599-8237

apr17

## EMPLOYMENTS

### ਵਰਕਰਾਂ ਦੀ ਲੋੜ

**ਫਾਸਟ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਪ੍ਰਤੀ ਘੰਟਾ। ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਕਰਨ ਵਿਚ ਮਦਦ, ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।**

**ਅੱਜ ਹੀ ਸੰਪਰਕ ਕਰੋ:**

**ਸਾਹਿਬ ਸਿੰਘ : 778-863-9000**

## MATRIMONIALS

### ਲੜਕੇ ਦੀ ਲੋੜ

ਜੱਟ ਸਿੱਖ ਸੋਹਣੀ ਸੁਨੱਖੀ ਲੜਕੀ, ਉਮਰ 26 ਸਾਲ ਕੱਦ 5'1", ਵਾਸਤੇ ਕੈਨੇਡੀਅਨ ਸਿਟੀਜ਼ਨ ਜਾਂ ਪੀ.ਆਰ. ਲੜਕੇ ਲੋੜ ਹੈ। ਲੜਕੀ ਇੰਡੀਆ ਰਹਿੰਦੀ ਹੈ ਅਤੇ BSC (Fashion Designing) ਕੀਤੀ ਹੋਈ ਹੈ।ਲੜਕੀ ਦਾ ਪਰਿਵਾਰ ਪਹਿਲਾਂ ਹੀ ਕੈਨੇਡਾ ਵਿਚ ਵਧੀਆ ਸੈਟਲਡ ਹੈ। ਸੰਪਰਕ– 778-713-0015 ਜਾਂ 604-319-0044

apr17

ਜੱਟ ਸਿੱਖ ਬਰਾੜ ਕੈਨੇਡੀਅਨ ਪੀ ਆਰ , ਉਮਰ 29 ਸਾਲ, ਕੱਦ 5 ਫੁੱਟ 6 ਇੰਚ, ਆਈ ਸੀ ਬੀ ਸੀ ਚ ਜੌਬ ਕਰਦੀ ਲੜਕੀ ਵਾਸਤੇ ਪੀ ਆਰ ਜਾਂ ਵਰਕ ਪਰਮਿਟ ਵਾਲੇ ਲੜਕੇ ਦੀ ਲੋੜ ਹੈ। ਮਾਲਵਾ ਖੇਤਰ ਨੂੰ ਪਹਿਲ। ਚਾਹਵਾਨ ਸੰਪਰਕ ਕਰੋ–ਫੋਨ ਨੰਬਰ 91-77105-45804 (ਵੈਟਸਐਪ)

apr17

BOOK YOUR CLASSIFIED IN

ਪੰਜਾਬ ਲਿੰਕ

PUNJABI WEEKLY NEWSPAPER

BUY 4 ADS GET 1 AD FREE

## EMPLOYMENTS

### ਵਰਕਰਾਂ ਦੀ ਲੋੜ

ਜ਼ੋਰਾਵਰ ਕੰਸਟਰਕਸ਼ਨ ਲਿਮ. ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਲੋੜ ਹੈ। ਵਧੀਆ ਤਨਖਾਹ। ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਪੱਕੇ ਕਰਵਾਉਣ ਵਿਚ ਮਦਦ ਕੀਤੀ ਜਾਵੇਗੀ। ਸਰੀ, ਡੈਲਟਾ ਅਤੇ ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।ਅੱਜ ਹੀ ਸੰਪਰਕ ਕਰੋ– ਲਖਵੀਰ ਸਿੰਘ ਗਰੇਵਾਲ: 778-881-0002

### ਵਰਕਰਾਂ ਦੀ ਲੋੜ

H.R. Stucco & Renovations Ltd. ਵਾਲਿਆਂ ਨੂੰ ਕਾਮੇਆਂ ਦੀ ਜ਼ਰੂਰਤ ਹੈ।ਯੋਗਤਾ ਅਨੁਸਾਰ ਵਧੀਆ ਤਨਖਾਹ ਦਿੱਤੀ ਜਾਵੇਗੀ।ਇਹਨਾਂ ਫੋਨ ਨੰਬਰਾਂ ਤੇ ਸੰਪਰਕ ਕਰੋ: 604-312-1325 ਜਾਂ 604-518-4800 | ਅਸੀ ਨਵੇਂ ਅਤੇ ਪੁਰਾਣੇ ਘਰਾਂ ਨੂੰ ਵਧੀਆ ਅਤੇ ਸਸਤੇ ਰੇਟਾਂ ਤੇ ਸਟੱਕੋ ਕਰਦੇ ਹਾਂ।

### ਵਰਕਰਾਂ ਦੀ ਲੋੜ

ਐਬਟਸਫੋਰਡ ਦੀ ਮੰਨੀ ਪ੍ਰਮੰਨੀ ਕੰਪਨੀ ਜੇ. ਕੇ. ਜੇ. ਕੰਟਰੈਕਟਿੰਗ ਲਿਮਟਿਡ ਵਾਲਿਆਂ ਨੂੰ ਨਰਸਰੀ, ਕਰੇਨਬੇਰੀ ਲਈ ਫਾਰਮ ਵਰਕਰਾਂ ਦੀ ਤੁਰੰਤ ਲੋੜ ਹੈ। ਕੰਮ ਪਲਾਂਟਿੰਗ, ਪੋਟਿੰਗ, ਬੇਰੀ ਤੋੜਨ ਅਤੇ ਕਰੇਨਬੇਰੀ ਦਾ ਹੋਵੇਗਾ ਅਤੇ ਸਾਰਾ ਸਾਲ ਚੱਲੇਗਾ। ਕੰਮ ਅਨੁਸਾਰ ਵਧੀਆ ਤਨਖਾਹ ਦਿੱਤੀ ਜਾਵੇਗੀ। ਮਿਸ਼ਨ, ਐਬਟਸਫੋਰਡ ਅਤੇ ਐਲਡਰਗਰੋਵ ਤੋ ਰਾਈਡ ਦਾ ਪੂਰਾ ਪ੍ਰਬੰਧ ਹੋਵੇਗਾ। ਸਾਨੂੰ ਡਰਾਈਵਰ ਦੀ ਵੀ ਲੋੜ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ–ਚਰਨਜੀਤ ਕੌਰ 604-309-8705

dec31

ਕੰਗ ਫਾਰਮਜ਼ 4136-168 ਸਟ੍ਰੀਟ, ਸਰੀ, ਬੀ.ਸੀ. ਵਾਲਿਆਂ ਨੂੰ ਫੁਲ ਟਾਇਮ ਫਾਰਮ ਵਰਕਜ਼ ਦੀ ਜ਼ਰੂਰਤ ਹੈ।ਤਨਖਾਹ 16.75 / ਘੰਟਾ।ਕੰਮ ਪੌਦੇ, ਸਿੰਚਾਈ, ਛਾਂਗਣ, ਬੂਟੀ ਆਦਿ ਲਗਾਉਣ ਹੈ।ਅਪਲਾਈ ਕਰੋ: kang.farmworkers@gmail.com

apr10

# ਚਿੰਤਾ ਰੋਗ



**ਹਰਕੀਰਤ ਕੌਰ**

ਸੰਸਾਰ ਵਿੱਚ ਚਿੰਤਾ ਰੋਗ ਬਹੁਤ ਵੱਧ ਚੁੱਕਾ ਹੈ। ਹਰ ਕਿਸੇ ਨੂੰ ਕੋਈ ਨਾ ਕੋਈ ਚਿੰਤਾ ਲੱਗੀ ਹੀ ਰਹਿੰਦੀ ਹੈ। ਚਿੰਤਾ ਅੱਜ ਕੱਲ ਮਨੁੱਖੀ ਜੀਵਨ ਦਾ ਇੱਕ ਅੰਗ ਬਣ ਗਈ ਹੈ। ਚਿੰਤਾ ਇੱਕ ਭੈੜੀ, ਤਬਾਹ ਤੇ ਨਾਸ਼ ਕਰ ਦੇਣ ਵਾਲੀ ਆਦਤ ਹੈ, ਜਿਹੜੀ ਕਿ ਮਨੁੱਖ ਨੇ ਸੱਭਿਅਤਾ ਦੇ ਦੌਰਾਨ ਵਿੱਚ ਆਪਣੇ ਗਲ ਪਾ ਲਈ ਹੈ। ਸੱਭਿਅਤਾ ਦੇ ਆਉਣ ਤੋਂ ਪਹਿਲਾਂ ਮਨੁੱਖੀ ਜੀਵਨ ਵਿੱਚ ਵਿੱਚ ਚਿੰਤਾ ਦਾ ਨਾਮ ਨਿਸ਼ਾਨ ਨਹੀਂ ਸੀ। ਜੰਗਲਾਂ ਅਤੇ ਗੁਫ਼ਾਵਾਂ ਵਿੱਚ ਰਹਿਣ ਵਾਲਾ ਨੰਗ - ਮਨੰਗਾ ਪ੍ਰਾਚੀਨ ਮਨੁੱਖ ਕਦੇ ਚਿੰਤਾ ਨਹੀਂ ਸੀ ਕਰਦਾ ਅਤੇ ਨਾ ਹੀ ਉਸਨੂੰ ਪਤਾ ਸੀ ਕਿ ਚਿੰਤਾ ਕੀ ਹੈ। ਉਹ ਸਦਾ ਖੁਸ਼ ਤੇ ਸੰਤੁਸ਼ਟ ਰਹਿੰਦਾ ਸੀ। ਜੇ ਕਿਤੇ ਪ੍ਰਾਚੀਨ ਮਨੱਖ ਵੀ ਚਿੰਤਤ ਹੁੰਦਾ ਤਾਂ ਸੱਚ ਜਾਣੋ ਕਿ ਮਨੁੱਖੀ ਨਸਲ ਇਸ ਵੇਲੇ ਤਕ ਧਰਤੀ ਤੋਂ ਕਦੋ ਦੀ ਅਲੋਪ ਹੋ ਚੁੱਕੀ ਹੁੰਦੀ। ਅਸਲ ਵਿੱਚ ਚਿੰਤਾ ਅੱਜ ਕੱਲ ਦੇ ਗੁੰਝਲਦਾਰ ਜੀਵਨ ਦਾ ਫਲ ਹੈ।ਗੁੰਝਲਦਾਰ ਜੀਵਨ ਦੇ ਕਾਰਨ ਹਰ ਆਦਮੀ ਦੀਆਂ ਆਪਣੀਆਂ ਆਪਣੀਆਂ ਸਮੱਸਿਆਵਾਂ ਤੇ ਔਕੜਾਂ ਹਨ। ਪਰ ਚਿੰਤਾ ਕਰਨਾ ਕਿਸੇ ਔਕੜ ਦਾ ਹੱਲ ਨਹੀਂ। ਇਸ ਨਾਲ ਔਕੜਾਂ ਹੋਰ ਵੱਧਦੀਆਂ ਹਨ। ਅੱਜ ਕੱਲ ਮਨੁੱਖ ਦੀ ਸਫਲਤਾ ਅਸਫਲਤਾ ਕੇਵਲ ਉਸਦੇ ਬਲ ਅਤੇ ਹਿੰਮਤ ਤੇ ਹੀ ਨਿਰਭਰ ਨਹੀਂ, ਇਹ ਨਵੀਆਂ ਤਾਕਤਾਂ ਉੱਤੇ ਵੀ ਨਿਰਭਰ ਹੈ। ਜਿਹੜੀਆਂ ਕਿ ਵਰਤਮਾਨ ਸੱਭਿਅਤਾ ਦੇ ਨਾਲ ਨਾਲ ਪੈਦਾ ਹੋ ਰਹੀਆਂ ਹਨ। ਅੱਜ ਕੱਲ ਦਾ ਮਨੁੱਖ ਕੋਈ ਕੰਮ ਵੀ ਇਕੱਲਾ ਨਹੀਂ ਕਰ ਸਕਦਾ। ਉਹ ਕੀ ਕਮਾਵੇਗਾ ਅਤੇ ਕੀ ਖਾਵੇਗਾ, ਇਹ ਉਸਦੀ ਕਲਾ, ਮਿਹਨਤ ਜਾਂ ਕੰਮ ਤੇ ਨਿਰਭਰ ਨਹੀਂ ਬਲਕਿ ਉਸਦੇ ਇਰਦ ਗਿਰਦ ਦੀਆਂ ਸਮਾਜਿਕ ਅਤੇ ਆਰਥਿਕ ਤਾਕਤਾਂ ਉੱਪਰ ਨਿਰਭਰ ਹੈ। ਨਵੀ ਸੱਭਿਅਤਾ ਨੇ ਜਿੱਥੇ ਬਹੁਤ ਤਰ੍ਹਾਂ ਦੇ ਸੁੱਖ ਅਰਾਮ ਦਿੱਤੇ ਹਨ, ਉੱਥੇ ਮਨੁੱਖ ਦਾ ਲਹੂ ਪੀਣ ਵਾਲੀ ਚਿੰਤਾ ਵੀ ਸਾਡੀ ਝੋਲੀ ਪਾ ਦਿੱਤੀ। ਚਿੰਤਾ ਜੀਵਨ ਦੇ ਹਰ ਪਹਿਲੂ ਉੱਪਰ ਅਸਰ ਪਾ ਰਹੀ ਹੈ। ਇਹ ਮਨੁੱਖ ਦੇ ਪਰਿਵਾਰਿਕ ਅਤੇ ਸਮਾਜਿਕ ਸੰਬੰਧਾਂ ਨੂੰ ਵਿਗਾੜ ਰਹੀ ਹੈ। ਜਿਵੇਂ ਜਿਵੇਂ ਵਰਤਮਾਨ ਸੱਭਿਅਤਾ ਅਗਾਂਹ ਵੱਧ ਰਹੀ ਹੈ, ਤਿਉਂ ਤਿਉਂ ਚਿੰਤਾ ਵੀ ਵੱਧਦੀ ਜਾ ਰਹੀ ਹੈ। ਸੱਭਿਅਤਾ ਅਤੇ ਚਿੰਤਾ ਦੋਵੇਂ ਨਾਲ ਨਾਲ ਹੀ ਚੱਲਦੀਆਂ ਹਨ, ਫ਼ਰਕ ਸਿਰਫ਼ ਏਨਾ ਹੈ ਕਿ ਸੱਭਿਅਤਾ ਅੱਗੇ ਹੋ ਤੁਰਦੀ ਹੈ ਅਤੇ ਚਿੰਤਾ ਉਸਦੇ ਪਿੱਛੇ ਪਿੱਛੇ । ਚਿੰਤਾ ਇੱਕ ਬਹੁਤ ਹੀ ਨਕਾਰੀ ਅਤੇ ਹਾਨੀਕਾਰਕ ਆਦਤ ਹੈ, ਜਿਹੜੀ ਮਨੁੱਖ ਅਣਭੋਲ ਹੀ ਆਪਣੇ ਗਲ ਪਾ ਲੈਂਦਾ ਹੈ। ਜੇਕਰ ਚਿੰਤਾ ਦੇ ਮੁੱਲ ਦਾ ਅਨੁਮਾਨ ਲਗਾਉਣਾ ਹੋਵੇ ਤਾਂ ਡਾਕਟਰਾਂ, ਨਰਸਾਂ ਅਤੇ ਹਸਪਤਾਲਾਂ ਦੇ ਤੁਸੀਂ ਉਹ ਬਿੱਲ ਵੇਖੋ ਜਿਹੜੇ ਚਿੰਤਾ ਰੋਗੀ ਨੂੰ ਦੇਣੇ ਪੈਂਦੇ ਹਨ। ਇਸਦਾ ਹਾਨੀਕਾਰਕ ਅਸਰ ਵੇਖਣਾ ਹੋਵੇ ਤਾਂ ਉਹ ਸੁਨਿਹਰੀ ਮੌਕੇ ਵੇਖੋ ਜਿਹੜੇ ਕਿ ਚਿੰਤਾਵਾਨ ਆਪਣੇ ਹੱਥੋਂ ਗਵਾ ਬਾਕੀ ਦੁਨੀਆਂ ਤੋਂ ਪਿੱਛੇ ਰਹਿ ਚੁੱਕਾ ਹੁੰਦਾ। ਚਿੰਤਾ ਸੱਭਿਅਤਾ ਤੋਂ ਪੈਦਾ ਹੁੰਦੀ ਹੈ। ਇਸ ਲਈ ਚਿੰਤਾ ਨੂੰ ਦੂਰ ਕਰਨ ਦੇ ਦੋ ਹੀ ਤਰੀਕੇ ਹਨ, ਜਾਂ ਤਾਂ ਸੱਭਿਅਤਾ ਬਦਲ ਦੇਈਏ ਜਾਂ ਫਿਰ ਸੱਭਿਅਤਾ ਦੇ ਨਾਲ ਨਾਲ ਆਪਣੇ ਆਪ ਨੂੰ ਬਦਲ ਲਈਏ। ਹੁਣ ਏਥੇ ਇਹ ਗੱਲ ਵੀ ਗੌਰ ਫਰਮਾਉਣ ਵਾਲੀ ਹੈ ਕਿ ਸੱਭਿਅਤਾ ਨੂੰ ਅਸੀਂ ਬਦਲ ਨਹੀਂ ਸਕਦੇ, ਕਿਉਂਕਿ ਇਹ ਸਾਡੀ ਤਾਕਤ ਤੋਂ ਬਾਹਰ ਦੀ ਗੱਲ ਹੈ। ਇਸ ਲਈ ਚਿੰਤਾ ਤੋਂ ਛੁਟਕਾਰਾ ਪਾਉਣ ਲਈ ਸਾਨੂੰ ਆਪਣੇ ਆਪ ਨੂੰ ਹੀ ਬਦਲਣਾ ਪਵੇਗਾ। ਕਈ ਵਾਰ ਮਨੁੱਖ ਦੀ ਜਿੰਦਗੀ ਵਿੱਚ ਅਜਿਹੇ ਹਾਲਾਤ ਬਣ ਜਾਂਦੇ ਹਨ ਕਿ ਉਹਨਾਂ ਨੂੰ ਬਦਲਣਾ ਮਨੁੱਖੀ ਹਸਤੀ ਤੋਂ ਬਾਹਰ ਹੁੰਦਾ ਹੈ, ਜਦੋਂ ਅਸੀਂ ਹਲਾਤਾਂ ਨੂੰ ਬਦਲਣ ਵਿੱਚ ਨਾਕਾਮਯਾਬ ਹੁੰਦੇ ਹਾਂ ਤਾਂ ਚਿੰਤਾ ਕਰਨ ਦੀ ਬਜਾਇ ਆਪਣੇ ਆਪ ਨੂੰ ਉਹਨਾਂ ਦੇ ਅਨੁਸਾਰ ਬਦਲ ਲੈਣਾ, ਹਾਰ ਨਹੀਂ ਬਲਕਿ ਜਿੱਤ ਅਖਵਾਉਂਦਾ ਹੈ। ਸਾਨੂੰ ਇੱਕ ਸਿਆਣੇ ਜਰਨੈਲ ਦੀ ਤਰ੍ਹਾਂ ਹੋਣਾ ਚਾਹੀਦਾ ਹੈ, ਕਿਉਂਕਿ ਇੱਕ ਸੂਝਵਾਨ ਜਰਨੈਲ ਹੀ ਜਾਣਦਾ ਹੈ ਕਿ ਕਿਸ ਵੇਲੇ ਪਛਾਂਹ ਮੁੜਨ ਵਿੱਚ ਉਸਦੀ ਫ਼ੌਜ ਦਾ ਲਾਭ ਹੈ। ਜੇਕਰ ਅਸੀਂ ਜੀਵਨ ਯੁੱਧ ਨੂੰ ਚੰਗੀ ਤਰ੍ਹਾਂ ਲੜਨਾ ਹੈ ਤਾਂ ਸਾਨੂੰ ਘੱਟ ਤੋਂ ਘੱਟ ਚਿੰਤਾ ਕਰਨੀ ਚਾਹੀਦੀ ਹੈ। ਮਨੁੱਖ ਕੋਲ ਤਿੰਨ ਰਸਤੇ ਹੁੰਦੇ ਹਨ, ਜਾਂ ਤਾਂ ਹਲਾਤਾਂ ਨੂੰ ਬਦਲ ਲਵੇ, ਜਾਂ ਫਿਰ ਹਾਲਾਤਾਂ ਬਾਰੇ ਸੋਚ ਕੇ ਚਿੰਤਾ ਕਰੇ ਜਾਂ ਫਿਰ ਹਾਲਾਤਾਂ ਨਾਲ ਸਮਝੌਤਾ ਕਰੇ ਅਤੇ ਜਿੰਨਾ ਹਲਾਤਾਂ ਨੂੰ ਬਦਲ ਨਹੀਂ ਸਕਦਾ ਉਹਨਾਂ ਵਿਚੋਂ ਹੀ ਖੁਸ਼ੀ ਲੱਭਣ ਦਾ ਯਤਨ ਕਰੇ।ਜੋ ਸਾਡੇ ਅਤੇ ਸਾਡੇ ਪਰਿਵਾਰ ਲਈ ਬਹੁਤ ਲਾਭਦਾਇਕ ਹੋਵੇਗੀ। ਅਖੀਰ ਵਿੱਚ ਫਿਰ ਦੁਹਰਾ ਦੇਣਾ ਚਾਹਾਂਗੀ ਕਿ ਨਵੀ ਸੱਭਿਅਤਾ ਅਤੇ ਵਿਕਾਸ ਜੋ ਸਮੇਂ ਦੀ ਚਿੰਤਾ ਦਾ ਮੂਲ ਕਾਰਨ ਹੈ, ਇਸ ਨੂੰ ਨਾ ਤਾਂ ਅਸੀਂ ਬਦਲ ਸਕਦੇ ਹਾਂ ਤੇ ਨਾ ਹੀ ਉੱਕਾ ਖਤਮ ਕਰ ਸਕਦੇ ਹਾਂ। ਇਸ ਲਈ ਸਿਆਣਪ ਇਸੇ ਵਿੱਚ ਹੈ ਕਿ ਅਸੀਂ ਨਵੀਂ ਸੱਭਿਅਤਾ ਦੇ ਵਿਕਾਸ ਤੋਂ ਪੈਦਾ ਹੋ ਰਹੇ ਨਵੇਂ ਹਾਲਾਤਾਂ ਦੇ ਅਨੁਸਾਰ ਆਪਣੇ ਆਪ ਵਿੱਚ ਤਬਦੀਲੀ ਲੈਕੇ ਆਈਏ ਤਾਂ ਜੋ ਵੱਧ ਰਹੀਆਂ ਬੇਲੋੜੀਆਂ ਚਿੰਤਾਵਾਂ ਅਤੇ ਹਾਨੀਕਾਰਕ ਬੋਝ ਤੋ ਕੁਝ ਹੱਦ ਤਕ ਬਚ ਸਕੀਏ।









# ਸ਼ਾਹਿਦ ਦੇ ਨਾਲ ਕੰਮ ਕਰਦੀ ਨਜ਼ਰ ਆਏਗੀ ਰਾਸ਼ੀ ਖੰਨਾ



ਦੱਖਣ ਭਾਰਤੀ ਅਭਿਨੇਤਰੀ ਰਾਸ਼ੀ ਖੰਨਾ ਡਾਇਰੈਕਟਰ ਰਾਜ ਅਤੇ ਡੀ ਕੇ ਦੀ ਥ੍ਰਿਲਰ ਸੀਰੀਜ਼ ਦੇ ਨਾਲ ਆਪਣੀ ਡਿਜੀਟਲ ਡੈਬਿਊ ਕਰਨ ਲਈ ਤਿਆਰ ਹੈ। ਇਸ ਸੀਰੀਜ਼ ਵਿੱਚ ਉਸ ਨਾਲ ਸ਼ਾਹਿਦ ਕਪੂਰ ਅਤੇ ਵਿਜੇ ਸੇਤੂਪਤੀ ਨਜ਼ਰ ਆਉਣਗੇ। ਰਾਸ਼ੀ ਖੰਨਾ ਹੁਣ ਇਸ ਸੀਰੀਜ਼ ਦੇ ਦੂਸਰੇ ਸ਼ਡਿਊਲ ਦੇ ਲਈ ਗੋਆ ਪਹੁੰਚ ਚੁੱਕੀ ਹੈ। ਗੋਆ ਸ਼ੂਟਿੰਗ ਦੇ ਬਾਰੇ ਰਾਸ਼ੀ ਦਾ ਮੰਨਣਾ ਹੈ ਕਿ “ਇਸ ਤਰ੍ਹਾਂ ਦੀ ਸੀਰੀਜ਼ ਦੇ ਲਈ ਸ਼ੂਟਿੰਗ ਕਰਨਾ ਮੇਰੇ ਲਈ ਬਹੁਤ ਮਜ਼ੇਦਾਰ ਰਿਹਾ ਹੈ। ਮੈਂ ਇਸ ਗੱਲ ਤੋਂ ਉਤਸ਼ਾਹਤ ਹਾਂ ਕਿ ਦੂਸਰਾ ਸ਼ਡਿਊਲ ਵੀ ਰੋਮਾਂਚ ਨਾਲ ਭਰਪੂਰ ਹੋਵੇਗਾ। ਰਾਜ ਐਂਡ ਡੀ ਕੇ ਦੇ ਨਿਰਦੇਸ਼ਨ ਕੀਤੇ ਜਾਣ ਦਾ ਅਨੁਭਵ ਸ਼ਾਨਦਾਰ ਹੈ ਅਤੇ ਸ਼ਾਹਿਦ ਅਤੇ ਵਿਜੇ ਵਰਗੇ ਸਿਤਾਰਿਆਂ ਦੇ ਨਲਾ ਕੰਮ ਕਰਨ ਦੇ ਲਈ ਮੈਂ ਬੇਹੱਦ ਉਤਸ਼ਾਹਤ ਹਾਂ। ਮੈਂ ਦੂਸਰੇ ਸ਼ਡਿਊਲ ਦੀ ਸ਼ੁਰੂਆਤ ਕਰਨ ਦੇ ਲਈ ਤਿਆਰ ਹਾਂ।


ਸਟ੍ਰੋਕ ਇੱਕ ਡਾਕਟਰੀ ਐਮਰਜੈਂਸੀ ਹੈ, ਮਹਾਂਮਾਰੀ ਵਿੱਚ ਵੀ, 9-1-1 ਤੇ ਕਾਲ ਕਰੋ।

## ਸਟਰੋਕ ਦੇ ਲੱਛਣਾਂ ਬਾਰੇ ਸਿੱਖੋ

**F**ace ਚਿਹਰਾ: ਕੀ ਚਿਹਰਾ ਹੇਠਾਂ ਨੂੰ ਢਿਲਕ ਰਿਹਾ ਹੈ?

**A**rms ਬਾਹਵਾਂ: ਕੀ ਤੁਸੀਂ ਆਪਣੀਆਂ ਬਾਹਵਾਂ ਉੱਪਰ ਨੂੰ ਚੁੱਕ ਸਕਦੇ ਹੋ?

**S**peech ਗੱਲ-ਬਾਤ: ਕੀ ਤੁਹਾਡੀ ਗੱਲ-ਬਾਤ ਅਸਪਸ਼ਟ ਹੋ ਰਹੀ ਹੈ?

**T**ime ਸਮੇਂ: ਸਮੇਂ ਦੀ ਅਹਿਮੀਅਤ ਸਮਝੋ – ਝਟਪਟ 9-1-1 'ਤੇ ਫ਼ੋਨ ਕਰੋ!

ਜੇ ਸਟਰੋਕ ਦੇ ਲੱਛਣ ਵੇਖਦੇ ਹੋ ਤਾਂ ਜਲਦੀ 9-1-1 ਨੂੰ ਫੋਨ ਕਰੋ

heartandstroke.ca/Punjabi

Heart & Stroke™

With the support of BRITISH COLUMBIA

© Heart and Stroke Foundation of Canada, 2020 | ™The heart and / Icon on its own or followed by another icon or words are trademarks of the Heart and Stroke Foundation of Canada.


# ਨਵੇਂ ਕਿਰਦਾਰ 'ਚ ਯਾਮੀ ਗੌਤਮ



ਰੌਨੀ ਸਕਰੂਵਾਲਾ ਵੱਲੋਂ ਬਣਾਈ ਜਾ ਰਹੀ 'ਡਾਇਰੈਕਟ-ਟੂ-ਡਿਜੀਟਲ' ਥ੍ਰਿਲਰ 'ਏ ਥਰਸਡੇ' ਵਿੱਚ ਆਖਰ ਯਾਮੀ ਗੌਤਮ ਦੀ ਖਾਸ ਲੁੱਕ ਰਿਲੀਜ਼ ਕੀਤੀ ਗਈ ਹੈ, ਜਿਸ ਵਿੱਚ ਉਹ ਟੀਚਰ ਦੀ ਭੂਮਿਕਾ ਨਿਭਾ ਰਹੀ ਹੈ। ਬੇਹਜ਼ਾਦ ਖੰਬਾਟਾ ਵੱਲੋਂ ਨਿਰਦੇਸ਼ਤ ਅਤੇ ਲਿਖੀ ਇਹ ਫਿਲਮ ਕਿਸੇ ਵੀਰਵਾਰ ਹੋਣ ਵਾਲੀਆਂ ਕੁਝ ਘਟਨਾਵਾਂ @ਤੇ ਹੈ। ਇਹ ਪ੍ਰਤਿਭਾਸ਼ਾਲੀ ਅਭਿਨੇਤਰੀ ਫਿਲਮ ਵਿੱਚ ਨੈਨਾ ਜੈਸਵਾਲ ਨਾਮਕ ਇੱਕ ਸਿੰਪਲ ਸਕੂਲ ਟੀਚਰ ਦੀ ਭੂਮਿਕਾ ਨਿਭਾ ਰਹੀ ਹੈ। ਉਸ ਦੀ ਲੁੱਕ ਬਹੁਤ ਸਿੰਪਲ ਰੱਖੀ ਗਈ ਹੈ, ਜਿਸ ਨੇ ਸਭ ਨੂੰ ਉਸ ਦੇ ਕਿਰਦਾਰ ਪ੍ਰਤੀ ਵੱਧ ਜਗਿਆਸੂ ਕਰ ਦਿੱਤਾ ਹੈ। ਫਿਲਮ ਬੁੱਧੀਮਾਨ ਪਲੇਅ ਸਕੂਲ ਟੀਚਰ ਦੀ ਜ਼ਿੰਦਗੀ ਦੇ ਦੁਆਲੇ ਘੁੰਮਦੀ ਹੈ, ਜੋ 16 ਬੱਚੇ ਬੰਦੀ ਬਣਾ ਲੈਂਦੀ ਹੈ। ਇਸ ਥ੍ਰਿਲਰ ਵਿੱਚ ਨੇਹਾ ਧੂਪੀਆ, ਡਿੰਪਲ ਕਪਾਡੀਆ, ਅਤੁਲ ਕੁਲਕਰਨੀ, ਮਾਇਆ ਸਰਾਓ ਜਿਹੇ ਕਈ ਪ੍ਰਤਿਭਾਸ਼ਾਲੀ ਕਲਾਕਾਰਾਂ ਨੇ ਅਹਿਮ ਭੂਮਿਕਾ ਨਿਭਾਈ ਹੈ, ਜਿਸ ਵਿੱਚ ਯਾਮੀ ਪ੍ਰਮੁੱਖ ਭੂਮਿਕਾ ਵਿੱਚ ਹੈ। ਇਸ ਦੀ ਸ਼ੂਟਿੰਗ ਪਿੱਛੇ ਜਿਹੇ ਸ਼ੁਰੂ ਹੋਈ ਹੈ ਅਤੇ ਇਸੇ ਸਾਲ ਡਿਜੀਟਲ ਰੂਪ ਨਾਲ ਰਿਲੀਜ਼ ਹੋਵੇਗੀ। ਇਸ ਦੇ ਇਲਾਵਾ ਯਾਮੀ ਦੀਆਂ ਅਗਲੀਆਂ ਫਿਲਮਾਂ ਵਿੱਚ ਸੈਫ ਅਲੀ ਖਾਨ ਅਤੇ ਅਰਜੁਨ ਕਪੂਰ ਨਾਲ 'ਭੂਤ ਪੁਲਸ' ਅਤੇ ਅਭਿਸ਼ੇਕ ਬੱਚਨ ਨਾਲ 'ਦਸਵੀਂ' ਸ਼ਾਮਲ ਹੈ।

# ਰੀਆ ਚੱਕਰਵਰਤੀ ਨੇ ਦਿੱਤਾ ਆਸ ਭਰਿਆ ਸੁਨੇਹਾ



ਮੁੰਬਈ-ਬੌਲੀਵੁੱਡ ਅਦਾਕਾਰਾ ਰੀਆ ਚੱਕਰਵਰਤੀ ਨੇ ਆਪਣੇ ਇੰਸਟਾਗ੍ਰਾਮ ਅਕਾਊਂਟ 'ਤੇ ਆਸ ਨਾਲ ਭਰੇ ਇੱਕ ਸੁਨੇਹੇ ਨਾਲ ਆਪਣੀ ਤਸਵੀਰ ਸਾਂਝੀ ਕੀਤੀ ਹੈ। ਰੀਆ ਨੇ ਇਸ ਤਸਵੀਰ ਵਿਚ ਪੀਲੇ ਰੰਗ ਦਾ ਕੁੜਤਾ ਪਾਇਆ ਹੈ ਅਤੇ ਉਹ ਰਬਿੰਦਰ ਨਾਥ ਟੈਗੋਰ ਦੀ ਕਵਿਤਾ 'ਗੀਤਾਂਜਲੀ' ਪੜ੍ਹਦੀ ਨਜ਼ਰ ਆ ਰਹੀ ਹੈ। ਉਸ ਨੇ ਇਸ ਕਵਿਤਾ ਦੀਆਂ ਲਾਈਨਾਂ ਵੀ ਸਾਂਝੀਆਂ ਕੀਤੀਆਂ ਹਨ, ਜਿਸ 'ਤੇ ਉਸ ਦੀ ਸਹੇਲੀ ਸ਼ਿਬਾਨੀ ਡਾਂਡੇਕਰ ਨੇ ਦਿਲ ਵਾਲੀ ਇਮੋਜੀ ਬਣਾ ਕੇ 'ਲਵ ਯੂ' ਲਿਖਿਆ ਹੈ। ਦੱਸਣਯੋਗ ਹੈ ਕਿ ਆਪਣੇ ਕਥਿਤ ਬੁਆਏ ਫ੍ਰੈਂਡ ਅਤੇ ਬੌਲੀਵੁੱਡ ਅਦਾਕਾਰ ਸੁਸ਼ਾਂਤ ਸਿੰਘ ਰਾਜਪੂਤ ਦੀ ਮੌਤ ਤੋਂ ਬਾਅਦ ਰੀਆ ਸੋਸ਼ਲ ਮੀਡੀਆ 'ਤੇ ਬਹੁਤੀ ਐਕਟਿਵ ਨਹੀਂ ਰਹਿੰਦੀ। ਪਿਛਲੇ ਸਾਲ ਸਤੰਬਰ ਮਹੀਨੇ ਵਿੱਚ ਸੁਸ਼ਾਂਤ ਦੇ ਪਰਿਵਾਰ ਵੱਲੋਂ ਲਾਏ ਗਏ ਦੋਸ਼ਾਂ ਅਤੇ ਨਾਰਕੌਟਿਕ ਕੰਟਰੋਲ ਬਿਊਰੋ ਵੱਲੋਂ ਡਰੱਗ ਮਾਮਲੇ 'ਚ ਨਾਮਜ਼ਦ ਕੀਤੇ ਜਾਣ ਮਗਰੋਂ ਰੀਆ ਆਪਣੇ ਭਰਾ ਸ਼ੋਵਿਕ ਸਣੇ ਇਕ ਮਹੀਨਾ ਮੁੰਬਈ ਦੀ ਜੇਲ੍ਹ ਵਿਚ ਰਹਿ ਚੁੱਕੀ ਹੈ। ਰੀਆ ਅਮਿਤਾਭ ਬੱਚਨ ਤੇ ਇਮਰਾਨ ਹਾਸ਼ਮੀ ਨਾਲ 'ਚਿਹਰੇ' ਫਿਲਮ ਵਿੱਚ ਕੰਮ ਕਰ ਚੁੱਕੀ ਹੈ ਜੋ ਕਿ ਸੁਸ਼ਾਂਤ ਦੀ ਮੌਤ ਤੋਂ ਬਾਅਦ ਉਸ ਦੀ ਪਹਿਲੀ ਫ਼ਿਲਮ ਹੈ।


J & S Insulation & Rebar Ltd.



Residential & Commercial

Batt Insulation, Rigid Insulation, Insulate Sprinkler, Slab Insulation, Rebar, Poly, Styrofoam

Quality Work, Free Estimates

Best Price

Sarbjit: 604.841.9849



SKY BLUE DRYWALL LTD.

Residential & Commercial

T-Bar
Steel Stud
Boarding
Taping
Ceiling Texture
Renovation
Quality Work
Free Estimates



Daljit Singh

778-549-3605

E: singh.mand@icloud.com


ਖਾਲਸਾ ਸਾਜਨਾ ਦਿਵਸ
ਅਤੇ ਵਿਸਾਖੀ ਦੀ
ਆਪ ਸਭ ਨੂੰ
ਲੱਖ-ਲੱਖ ਵਧਾਈਆਂ
The Right Realtors for Today's Market
Kanwalpreet Sekhon
ਕੰਵਲਪ੍ਰੀਤ ਸਿੰਘ ਸੇਖੋਂ
604-825-2281
kanwal_sekhon@hotmail.com
Bhupinderjit Sekhon
ਭੁਪਿੰਦਰਜੀਤ ਸਿੰਘ ਸੇਖੋਂ
604-825-2046
bhupinder.sekhon73@gmail.com
PLANET GROUP REALTY INC.
#266-8128 128 St, Surrey
T: 604-572-1008, F: 604-572-3008
PLANET GROUP REALTY INC.

ਬੀ.ਸੀ. ਵਿੱਚ ਕੋਵਿਡ-19




1

ਹੁਣੇ ਰਜਿਸਟਰ ਕਰੋ: 45 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਲੋਕ
ਅਤੇ 18 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਮੂਲਵਾਸੀ ਲੋਕ

ਸੋਮਵਾਰ 19 ਅਪ੍ਰੈਲ ਦੁਪਿਹਰ 12 ਵਜੇ -**40 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਲੋਕ**

**gov.bc.ca/getvaccinated ’ਤੇ ਰਜਿਸਟਰ ਕਰੋ**

2

**ਸੱਦਾ ਮਿਲਣ ’ਤੇ ਆਪਣੀ ਤਾਰੀਖ ਬੁੱਕ ਕਰੋ**

ਤੁਹਾਡੀ ਵਾਰੀ ਆਉਣ ’ਤੇ ਤੁਹਾਨੂੰ ਈਮੇਲ ਜਾਂ ਟੈਕਸਟ ਮਿਲੇਗਾ ਅਤੇ ਫਿਰ ਤੁਸੀਂ ਆਪਣੀ ਅਪੌਇੰਟਮੈਂਟ ਬੁੱਕ ਕਰ ਸਕਦੇ ਹੋ। ਟੀਕੇ ਬੁੱਕ ਕਰਨ ਦੀਆਂ ਤਾਰੀਖਾਂ ਤੁਹਾਡੀ ਉਮਰ, ਉਹ ਖੇਤਰ ਜਿਸ ਵਿੱਚ ਤੁਸੀਂ ਰਹਿੰਦੇ ਹੋ ਅਤੇ ਬੀ.ਸੀ. ਦੀ ਟੀਕਾ ਸਪਲਾਈ ਦੇ ਆਧਾਰ ’ਤੇ ਵੱਖ-ਵੱਖ ਹੋ ਸਕਦੀਆਂ ਹਨ।

3

**ਟੀਕਾ ਲਗਵਾਓ**

ਆਓ, ਟੀਕਾ ਲਗਵਾਓ ਅਤੇ ਮਹਾਂਮਾਰੀ ਨੂੰ ਪਿੱਛੇ ਛੱਡਣ ਵਿੱਚ ਮਦਦ ਕਰੋ।

ਵਧੇਰੇ ਜਾਣਕਾਰੀ ਲਈ gov.bc.ca/getvaccinated
ਜਾਂ ਰਜਿਸਟਰੇਸ਼ਨ ਲਈ ਪੰਜਾਬੀ ਵਿੱਚ ਸਹਾਇਤਾ ਲਈ
1-833-838-2323 ’ਤੇ ਫੋਨ ਕਰੋ।

BRITISH COLUMBIA

# ਕਲਾਕਾਰ ਸਮਾਜ ’ਚ ਬਦਲਾਅ ਲਿਆ ਸਕਦੇ ਨੇ-ਸੋਨਾਕਸ਼ੀ ਸਿਨਹਾ

ਮੁੰਬਈ-ਬੌਲੀਵੁੱਡ ਅਦਾਕਾਰਾ ਸੋਨਾਕਸ਼ੀ ਸਿਨਹਾ ਅਕਸਰ ਹੀ ਵੱਖ ਵੱਖ ਸਮਾਜਿਕ ਮੁੱਦਿਆਂ ’ਤੇ ਆਵਾਜ਼ ਉਠਾਉਂਦੀ ਰਹਿੰਦੀ ਹੈ, ਭਾਵੇਂ ਇਹ ਪੀਪੀਟੀ ਕਿੱਟਾਂ ਲਈ ਪੈਸੇ ਦਾਨ ਕਰਨ ਦੀ ਗੱਲ ਹੋਵੇ ਜਾਂ ਟਰੋਲਿੰਗ ਖ਼ਿਲਾਫ਼ ਆਵਾਜ਼ ਉਠਾਉਣ ਦਾ ਮੁੱਦਾ ਹੋਵੇ। ਅਦਾਕਾਰਾ ਦਾ ਮੰਨਣਾ ਹੈ ਕਿ ਇੱਕ ਕਲਾਕਾਰ ਹੋਣ ਦੇ ਨਾਤੇ ਸਹੀ ਚੀਜ਼ਾਂ ਲਈ ਆਵਾਜ਼ ਬੁਲੰਦ ਕਰਕੇ ਸਮਾਜ ਵਿੱਚ ਤਬਦੀਲੀ ਲਿਆਂਦੀ ਜਾ ਸਕਦਾ ਹੈ। ਅੱਜ ਇੱਥੇ ਗੱਲਬਾਤ ਕਰਦਿਆਂ ਸੋਨਾਕਸ਼ੀ ਨੇ ਕਿਹਾ, “ਮੈਂ ਉਨ੍ਹਾਂ ਚੀਜ਼ਾਂ ਨਾਲ ਜੁੜੀ ਹਾਂ, ਜਿਨ੍ਹਾਂ ’ਚ ਮੇਰਾ ਡੂੰਘਾ ਵਿਸ਼ਵਾਸ ਹੈ ਅਤੇ ਮੇਰਾ ਮੰਨਣਾ ਹੈ ਕਿ ਕਲਾਕਾਰ ਹੋਣ ਦੇ ਨਾਤੇ ਅਸੀਂ ਸਮਾਜ ਵਿੱਚ ਬਦਲਾਅ ਲਿਆ ਸਕਦੇ ਹਾਂ ਕਿਉਂਕਿ ਸਾਡੇ ਕੋਲ ਆਵਾਜ਼ ਹੈ ਅਤੇ ਇਸ ਤਰ੍ਹਾਂ ਅਸੀਂ ਦੁਨੀਆ ਨੂੰ ਰਹਿਣ ਲਾਇਕ ਇੱਕ ਬਿਹਤਰ ਸਥਾਨ ਬਣਾ ਸਕਦੇ ਹਾਂ। ਇਸ ਲਈ ਜੇਕਰ ਸਮਾਜ ਦੇ ਵਿਕਾਸ ਅਤੇ ਇਸ ਦੀ ਉੱਨਤੀ ਲਈ ਕਿਸੇ ਕੰਮ ਨੂੰ ਕਰਨ ਦੀ ਲੋੜ ਪਵੇ ਤਾਂ ਕਿਉਂ ਨਹੀਂ?” ਇਸੇ ਦੌਰਾਨ ਅਦਾਕਾਰਾ ਨੇ ਸੋਸ਼ਲ ਮੀਡੀਆ ’ਤੇ ਕਰੋਨਾ ਮਹਾਮਾਰੀ ਦੌਰਾਨ ਮਾਸਕ ਪਾ ਕੇ ਰੱਖਣ ਦੀ ਮਹੱਤਤਾ ਨੂੰ ਦਰਸਾਉਂਦਾ ਇੱਕ ਸੁਨੇਹਾ ਵੀ ਸਾਂਝਾ ਕੀਤਾ। ਸੋਨਾਕਸ਼ੀ ਨੇ ਲੌਕਡਾਊਨ ਦੌਰਾਨ ਦੇ ਕੁਝ ਤਜਰਬੇ ਵੀ ਸਾਂਝੇ ਕਰਦਿਆਂ ਦੱਸਿਆ ਕਿ ਭਾਵੇਂ ਬੌਲੀਵੁੱਡ ਲਈ ਪਿਛਲਾ ਸਾਲ ਕਾਫ਼ੀ ਸੁਸਤ ਰਿਹਾ ਪਰ ਇਸ ਦੇ ਨਾਲ ਹੀ ਪਰਿਵਾਰ ਦੇ ਨਾਲ ਸਮਾਂ ਬਿਤਾਉਣ ਦਾ ਮੌਕਾ ਵੀ ਮਿਲਿਆ। ਸੋਨਾਕਸ਼ੀ ਜਲਦੀ ਹੀ ਫਿਲਮ ‘ਭੁੱਜ: ਦਿ ਪ੍ਰਾਈਡ ਆਫ ਇੰਡੀਆ’ ਵਿੱਚ ਅਜੈ ਦੇਵਗਨ, ਸੰਜੈ ਦੱਤ, ਸ਼ਰਦ ਕੇਲਕਰ, ਐਮੀ ਵਿਰਕ, ਪ੍ਰਨੀਤਾ ਸੁਭਾਸ਼ ਅਤੇ ਨੋਰਾ ਫਤੇਹੀ ਨਾਲ ਦਿਖਾਈ ਦੇਵੇਗੀ। ਇਸ ਤੋਂ ਇਲਾਵਾ ਉਹ ਫਿਲਮ ‘ਬੁਲਬੁਲ ਤਰੰਗ’ ਵਿੱਚ ਵੀ ਦਿਖਾਈ ਦੇਵੇਗੀ, ਜੋ ਕਿ ਆਨਲਾਈਨ ਰਿਲੀਜ਼ ਹੋਵੇਗੀ। ਸੋਨਾਕਸ਼ੀ ਵੈੱਬ ਸੀਰੀਜ਼ ‘ਫਾਲੇਨ’ ਨਾਲ ਓਟੀਟੀ ਪਲੇਟਫਾਰਮ ’ਤੇ ਵੀ ਸ਼ੁਰੂਆਤ ਕਰ ਰਹੀ ਹੈ।



# ਨਵਰਾਤਿਆਂ ਮੌਕੇ ਆਪਣੀ ਮਾਤਾ ਦੀ ਪੂਜਾ ਕਰੋ-ਕੰਗਨਾ ਰਣੌਤ



ਮੁੰਬਈ-ਬੌਲੀਵੁੱਡ ਅਦਾਕਾਰਾ ਕੰਗਨਾ ਰਣੌਤ ਨੇ ਗੁੜੀ ਪੜਵਾ ਅਤੇ ਨਵਰਾਤਰੀ ਮੌਕੇ ਆਪਣੇ ਪ੍ਰਸ਼ੰਸਕਾਂ ਨੂੰ ਸ਼ੁਭਕਾਮਨਾਵਾਂ ਦਿੰਦਿਆਂ ਆਪਣੀ ਮਾਤਾ ਦੀ ਪੂਜਾ ਕਰਕੇ ਉਸ ਦਾ ਆਸ਼ੀਰਵਾਦ ਲੈਣ ਦਾ ਸੁਝਾਅ ਦਿੱਤਾ। ਅਦਾਕਾਰਾ ਨੇ ਦੇਵੀ ਦੀ ਪੂਜਾ ਕਰਦੇ ਸਮੇਂ ਆਪਣੀ ਤਸਵੀਰ ਸੋਸ਼ਲ ਮੀਡੀਆ ’ਤੇ ਸਾਂਝੀ ਕਰਦਿਆਂ ਲਿਖਿਆ, “ਹਰ ਕਿਸੇ ਨੂੰ ਗੁੜੀ ਪੜਵਾ, ਨਵਰਾਤਿਆਂ ਅਤੇ ਨਵੇਂ ਸਾਲ ਦੀ ਵਧਾਈ। ਇਹ ਦੇਵੀ ਦੀ ਛੋਟੀ ਜਿਹੀ ਤਸਵੀਰ ਜੋ ਮੈਂ ਫੜੀ ਹੈ, ਇਹ ਮੇਰੀ ਮਾਂ ਨੇ ਮੈਨੂੰ ਘਰ ਛੱਡਣ ਵੇਲੇ ਦਿੱਤੀ ਸੀ। ਮੈਂ ਕਾਫੀ ਕੁਝ ਗਵਾ ਲਿਆ ਪਰ ਇਹ ਮੇਰੇ ਨਾਲ ਰਹੀ। ਮੈਨੂੰ ਲੱਗਦਾ ਹੈ ਕਿ ਇਹ ਮੇਰੀ ਦੇਖਭਾਲ ਕਰਦੀ ਹੈ। ਜੇ ਤੁਹਾਨੂੰ ਨਹੀਂ ਪਤਾ ਕਿ ਨਵਰਾਤਿਆਂ ’ਤੇ ਕੀ ਕਰਨਾ ਹੈ ਤਾਂ ਆਪਣੀ ਮਾਤਾ ਦੀ ਪੂਜਾ ਕਰੋ ਅਤੇ ਉਸ ਦਾ ਆਸ਼ੀਰਵਾਦ ਲਓ।” ਕੰਗਨਾ ਆਪਣੀ ਆਉਣ ਵਾਲੀ ਫਿਲਮ ‘ਤੇਜਸ’ ਦੀ ਤਿਆਰੀ ਕਰ ਰਹੀ ਹੈ। ਇਸ ਦਾ ਨਿਰਦੇਸ਼ਕ ਸਰਵੇਸ਼ ਮੇਵਾੜਾ ਹੈ। ਦੇਸ਼ ਵਿੱਚ ਕਰੋਨਾ ਦੀ ਦੂਜੀ ਲਹਿਰ ਕਾਰਨ ਕੰਗਨਾ ਦੀ ਫ਼ਿਲਮ ‘ਥਲਾਇਵੀ’ ਦੀ ਰਿਲੀਜ਼ ਹਾਲ ਦੀ ਘੜੀ ਟਾਲ ਦਿੱਤੀ ਗਈ ਹੈ। ਇਸ ਵਿੱਚ ਕੰਗਨਾ ਨੇ ਤਾਮਿਲਨਾਡੂ ਦੀ ਸਾਬਕਾ ਮੁੱਖ ਮੰਤਰੀ ਮਰਹੂਮ ਜੇ. ਜੈਲਲਿਤਾ ਦੀ ਭੂਮਿਕਾ ਨਿਭਾਈ ਹੈ। ਇਹ ਫਿਲਮ ਹਿੰਦੀ, ਤਾਮਿਲ ਅਤੇ ਤੇਲਗੂ ਭਾਸ਼ਾਵਾਂ ਵਿੱਚ 23 ਅਪਰੈਲ ਨੂੰ ਰਿਲੀਜ਼ ਕੀਤੀ ਜਾਣੀ ਸੀ। ਫਿਲਹਾਲ ਫ਼ਿਲਮ ਰਿਲੀਜ਼ ਦੀ ਨਵੀਂ ਤਰੀਕ ਦਾ ਹਾਲੇ ਐਲਾਨ ਨਹੀਂ ਕੀਤਾ ਗਿਆ।

NASIR CLOTH STORE
ਅਸਲੀ ਪਾਕਿਸਤਾਨੀ ਸੂਤੀ, ਊਨੀ ਅਤੇ ਸਿਲਕ



We Provide Tailoring Services
Ladies & Gents
Party Wear , Bridal Wear
Suits , Sherwani
Special Pakistani
Wool, Cotton & Silk
T: 236-880-2870
#6 - 13791 - 72 Ave., Surrey BC

ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੀ ਆਪ ਸਭ ਨੂੰ ਲੱਖ-ਲੱਖ ਵਧਾਈਆਂ

# ROHITA PANNU LAW CORPORATION

## BARRISTER & SOLICITOR




## SERVICES

- ALL NOTARY PUBLIC
- WILLS & ESTATE
- RESIDENTIAL & COMMERCIAL
- REAL ESTATE BUYING & SELLING
- MORTGAGES
- DIVORCE/ FAMILY LAW

- ਨੋਟਰੀ ਸੇਵਾਵਾਂ
- ਵਸੀਅਤਨਾਮਾ
- ਘਰਾਂ ਅਤੇ ਕੇਅਰਹੋਮਜ਼ ਵਿੱਚ ਜਾ ਕੇ ਵੀ ਦਸਤਖਤ ਕਰਵਾ ਸਕਦੇ ਹਾਂ
- ਹਲਫੀਆ ਬਿਆਨ
- ਘਰਾਂ ਦੀ ਖਰੀਦੋ- ਫਰੋਖਤ
- ਮੋਰਟਗੇਜ਼
- ਤਲਾਕ (ਫੈਮਲੀ-ਲਾਅ)

**Ph: 604.589.1399**

Fax : 604.589.1556 www.rohitapannulaw.com

2 Locations to Serve You

# 102-9278, 120th Street,
Surrey, BC V3V 4W8

6303 Fraser Street,
Vancouver BC

# Rajan MANGOES ARE HERE!

available only at fruiticana SINCE 1994




## LOWEST PRICES IN TOWN

### Extra Extra Super Special

## RAJAN MANGOES

ਰਾਜਨ ਹੇਡਨ ਅੰਬ (HADEN) 4 kg

**$11.98 BOX**

*Number of pieces depends on the weight

Large Eggplants
ਵੱਡੇ ਬਤਾਊਂ
2 for $1.50

Red Onions 25 lbs
ਲਾਲ ਗੰਢੇ
$9.98 bag

Broccoli Crown
ਬਰੋਕਲੀ ਕਰਾਉਨ
98¢ lb

Zucchini Squash
ਜ਼ੁਕੀਨੀ ਸਕੁਐਸ਼
79¢ lb

Red Seedless Grapes
ਲਾਲ ਅੰਗੂਰ (ਬਿਨਾਂ ਬੀਜ ਤੋਂ)
$1.49 lb

Red & Green Peppers
ਹਰੀ ਅਤੇ ਲਾਲ ਸ਼ਿਮਲਾ ਮਿਰਚਾਂ
99¢ lb

Pesi Gur Plain 2 lb
ਪੇਸ਼ੀ ਗੁੜ
$3.99 pkg.

Sher Atta Desi Style 20 lbs
ਸ਼ੇਰ ਆਟਾ ਦੇਸੀ ਸਟਾਈਲ
$8.98 bag

**Extra Super Super Special**
Fresh Ginger
ਤਾਜ਼ਾ ਅਦਰਕ
99¢ lb

**Extra Super Super Special**
Jumbo Cauliflower Size 9
ਵੱਡਾ ਗੋਭੀ ਦਾ ਫੁੱਲ ਸਾਈਜ਼ ੯
$1.48 ea.

**Super Special**
Round or Roma Tomatoes
ਗੋਲ ਜਾਂ ਰੋਮਾ ਟਮਾਟਰ
79¢ lb

**Super Special**
Yellow Onions 50 lbs
ਪੀਲੇ ਗੰਢੇ
$9.98 bag

**Super Special**
Indian Eggplants
ਦੇਸੀ ਬਤਾਊਂ
88¢ lb

**Super Special**
Fresh Garlic
ਤਾਜ਼ਾ ਲਸਣ
99¢ lb

**Super Special**
Cilantro
ਧਨੀਆ
3 bunches for 99¢

**Super Special**
Indican Punjabi Cane White Sugar 8 lbs
ਇੰਡੀਕੇਨ ਪੰਜਾਬੀ ਗੰਨੇ ਦੀ ਚਿੱਟੀ ਖੰਡ
$3.99 bag

Okra
ਭਿੰਡੀ
$2.49 lb

Red Delicious Apples USA #1
ਲਾਲ ਸਵਾਦ ਸੇਬ ਯੂ.ਐਸ.ਏ #੧
88¢ lb

Russet Potatoes Snoboy USA #1 10 lbs
ਆਲੂ ਰਸਟ ਸਨੋਬੁਆਏ ਯੂ.ਐਸ.ਏ #੧
$2.99 bag

Large Seedless Oranges
ਵੱਡੇ ਸੰਤਰੇ (ਬਿਨਾਂ ਬੀਜ ਤੋਂ)
88¢ lb

Gala Apples USA #1
ਗਾਲਾ ਸੇਬ ਯੂ.ਐਸ.ਏ #੧
98¢ lb

Rapini (Sarson da Saag)
ਸਰਸੋਂ ਦਾ ਸਾਗ
$1.99 bunch

Long Eggplants
ਲੰਬੇ ਬਤਾਊਂ
99¢ lb

Red Label Tea 216's
ਰੇਡ ਲੇਬਲ ਚਾਹ
$6.98 box

Indican Punjabi Biscuits 2.2 lbs
ਇੰਡੀਕੇਨ ਪੰਜਾਬੀ ਬਿਸਕੁਟ
$4.99 pkg.

Indican Brown Sugar 8 lbs
ਇੰਡੀਕੇਨ ਭੂਰੀ ਖੰਡ
$4.98 bag

KTC Pomace Olive Oil 3L
ਕੇ.ਟੀ.ਸੀ ਜੈਤੂਨ ਪੋਮੇਸ ਦਾ ਤੇਲ
$9.98 ea.

Golden Temple Flour 20 lbs
ਗੋਲਡਨ ਟੈਂਪਲ ਆਟਾ
$9.98 bag

Almonds
ਬਦਾਮ
$3.88 lb

Green Cardamom (Elaichi) MF
ਹਰੀ ਇਲਾਇਚੀ (ਐਮ.ਐਫ)
$26.99 lb

Indican Basmati Rice 8 lbs
ਇੰਡੀਕੇਨ ਬਾਸਮਤੀ ਚੌਲ
$6.98 bag

Product images may differ from the actual product.

**Thur Apr 15, 2021 - Wed Apr 21, 2021**
We reserve the right to limit the quantities while they last

fruiticana SINCE 1994

Head Office: 7676 Anvil Way, Surrey
604-502-0005
www.fruiticana.com

BUSINESS HOURS 9 AM - 8 PM 7 DAYS A WEEK

| | | |
|---|---|---|
| Newton | 13783 72nd Ave. Surrey | 604-590-2080 |
| Newton | 13174 64th Ave. Surrey | 604-598-9220 |
| Scott Road | 12047 80th Ave. Surrey | 604-591-5032 |
| Scott Road | 104-7028 120th St. | 604-590-8864 |
| Cedar Hills | 12867 96th Ave. Surrey | 604-588-6620 |
| Fleetwood | 101-15933 Fraser Hwy | 604-593-5163 |
| Surrey | 12990 72nd Ave. | 604-503-5510 |
| Surrey | 12788 76A Ave. Surrey | 604-597-1676 |
| Surrey | 16788 64 Ave. | 604-372-2023 |
| Surrey | 101-7228 192St. | 604-575-3750 |
| Abbotsford | 2785 Bourquin Crescent W. | 604-744-0328 |
| Abbotsford | 31205 Maclure Rd. | 604-504-5877 |
| Port Coquitlam | 2807 Shaughnessy St. | 604-464-0822 |
| Vancouver | 6257 Fraser St. | 604-321-9931 |
| Richmond | 4101 No.5 Rd. | 604-244-9520 |